# ਸਮਤਾ

ਅਗਸਤ 1988 (ਅੰਕ 99)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੁਲਵਿੰਦਰ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਮਤਾ

ਅਗਸਤ 1988

ਮੁੱਲ–ਦੋ ਰੁਪਏ

99

## ਸੰਪਾਦਕੀ : ਸਾਨੂੰ ਚੁੱਪ ਦਰਸ਼ਕ ਨਹੀਂ ਰਹਿਣਾ ਚਾਹੀਦਾ, ਲੋਕ ਦਖ਼ਲ-ਅੰਦਾਜ਼ੀ ਲਈ ਇਕ ਸਾਂਝੇ ਲੋਕ ਮੰਚ ਦੀ ਸਥਾਪਨਾ ਦੀ ਜ਼ਰੂਰਤ ਹੈ

o ਰਾਜੀਵ ਗਾਂਧੀ ਨੇ ਫੇਰ ਇਹ ਕਿਹਾ ਹੈ ਕਿ ਉਹ ਪੰਜਾਬ ਦੇ ਮਸਲੇ ਬਾਰੇ ਗੱਲ ਕਿਸ ਨਾਲ ਕਰੇ ? ਜਵਾਬ ਹੈ ਕਿ ਬੇਸ਼ਕ ਕਿਸੇ ਨਾਲ ਨਾ ਕਰੇ । ਜੋਧਪੁਰ ਦੇ ਕੈਦੀਆਂ ਨੂੰ ਜਿਹੜੇ ਬਗੈਰ ਮੁਕੱਦਮੇ ਦੇ ਪਿਛਲੇ 50 ਮਹੀਨਿਆਂ ਤੋਂ ਕੈਦ ਭੁਗਤ ਰਹੇ ਹਨ ਉਹਨਾਂ ਨੂੰ ਰਿਹਾਅ ਕਰਨ ਲਈ ਕਿਸੇ ਨਾਲ ਗੱਲ ਕਰਨੀ ਜ਼ਰੂਰੀ ਨਹੀਂ । ਦਿੱਲੀ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਿਸੇ ਨਾਲ ਗੱਲ ਜ਼ਰੂਰੀ ਨਹੀਂ । ਚੰਡੀਗੜ੍ਹ ਪੰਜਾਬ ਨੂੰ ਦੇਣ ਲਈ ਅਤੇ ਹਰਿਆਨਾ ਨੂੰ ਨਵੀਂ ਰਾਜਧਾਨੀ ਲਈ ਰਕਮ ਦੇਣ ਲਈ ਕਿਸੇ ਨਾਲ ਗੱਲ ਜ਼ਰੂਰੀ ਨਹੀਂ । ਪੰਜਾਬ ਅਤੇ ਹਰਿਆਨਾ ਦਰਮਿਆਨ ਪਾਣੀ ਅਤੇ ਬਿਜਲੀ ਦੀ ਵੰਡ ਟੈਕਨੀਕਲ ਸਲਾਹਕਾਰਾਂ ਦੀ ਸਿਫ਼ਾਰਸ਼ਾਂ ਅਨੁਸਾਰ ਕਰਨ ਲਈ ਕਿਸੇ ਨਾਲ ਗੱਲਬਾਤ ਕਰਨੀ ਜ਼ਰੂਰੀ ਨਹੀਂ । ਕੇਂਦਰ ਦੀ ਸਰਕਾਰ ਵੀ ਰਾਜੀਵ ਦੀ ਹੈ ਤੇ ਸੂਬੇ ਦੀ ਸਰਕਾਰ ਵੀ ਰਾਜੀਵ ਦੀ ਹੈ । ਉਂਜ ਜੇ ਗੱਲਬਾਤ ਕਰਨੀ ਜ਼ਰੂਰੀ ਹੀ ਹੈ ਤਾਂ ਪਹਿਲੇ ਸਿਆਸੀ ਪਾਰਟੀਆਂ ਨਾਲ ਕੀਤੀ ਜਾਵੇ ਤੇ ਫੇਰ ਉਹਨਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਉਨ੍ਹਾਂ ਨਾਲ ਵੀ ਕੀਤੀ ਜਾਏ, ਜਿਨ੍ਹਾਂ ਨੇ ਸਟੇਟ ਵਿਰੁੱਧ ਜੰਗ ਛੇੜੀ ਹੋਈ ਹੈ । ਘੀਸਿੰਗ ਸਿੰਘ ਨਾਲ, ਲਾਲ ਡੇਂਗਾ ਨਾਲ ਵੀ ਗੱਲ ਹੋਈ ਹੈ ਤੇ ਲੰਕਾ ਦੀ ਬਾਗੀਆਂ ਨਾਲ ਵੀ ਹੋ ਰਹੀ ਏ । ਇਹ ਅਮਲ ਪੰਜਾਬ ਵਿਚ ਵੀ ਸ਼ੁਰੂ ਕੀਤਾ ਜਾ ਸਕਦਾ ਹੈ । ਦੁਨੀਆਂ ਭਰ ਵਿਚ ਮਸਲੇ ਹੱਲ ਕਰਨ ਲਈ ਇਹ ਅਸੂਲ ਅਪਣਾਏ ਜਾਂਦੇ ਹਨ । ਰਾਜਸੀ ਹੱਲ ਪੰਜਾਬ ਦੇ ਲੋਕਾਂ ਦੀ ਲੋੜ ਹੈ ।

o 21 ਜੁਲਾਈ ਦੀ ਇੰਡੀਅਨ ਐਕਸਪ੍ਰੈਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਦੇ ਇਕ ਦੁਖੀ ਬਾਪ ਦੀ ਕਹਾਣੀ ਹੈ । ਇਸਦੇ ਦੋਨੋਂ ਪੁੱਤਰ ਸੀ.ਆਰ.ਪੀ. ਦੇ ਦਮਨ ਕਰਕੇ ਉਸ ਤੋਂ ਖੁੱਸ ਗਏ ਹਨ । ਧੀਆਂ ਲਈ ਬਣਾਈਆਂ ਦਾਜ ਦੀਆਂ ਸਾਰੀਆਂ ਚੀਜ਼ਾਂ ਇਸ ਫੋਰਸ ਵਲੋਂ ਲੁੱਟੀਆਂ ਗਈਆਂ ਹਨ । ਇਹ ਇਕ ਮਿਸਾਲ ਹੈ, ਜਿਹੜੀ ਅਖਬਾਰ ਵਿਚ ਆ ਗਈ ਹੈ । ਸੈਂਕੜੇ ਹੋਰ ਮਿਸਾਲਾਂ ਹੋਣਗੀਆਂ ਜਿਹੜੀਆਂ ਅਖਬਾਰਾਂ ਵਿਚ ਨਹੀਂ ਆਂਦੀਆਂ । ਇਸ ਵਰਤਾਰੇ ਨੂੰ ਸਾਡੀ ਅਣਖ ਨੂੰ ਚੈਲੰਜ ਦੇ ਤੌਰ ਤੇ ਲਿਆ ਜਾਣਾ ਚਾਹੀਦਾ ਹੈ । ਇਹ ਵਰਤਾਰਾ ਬੰਦ ਹੋਣਾ ਚਾਹੀਦਾ ਹੈ ।

o ਦਰਬਾਰ ਸਾਹਿਬ ਅੰਮ੍ਰਿਤਸਰ ਦੇ ਮੱਲਬੇ ਥਲੋਂ ਹਰ ਦਿਨ ਲਾਸ਼ਾਂ ਦੇ ਪਿੰਜਰ ਮਿਲ ਰਹੇ ਹਨ । ਇਹ ਕਥਿਤ ਸਿੱਖ ਅਤਿਵਾਦੀਆਂ ਦੇ ਗ਼ੈਰ ਮਨੁੱਖੀ ਇਖ਼ਲਾਕ ਦਾ ਨੰਗਾ ਚਿੱਟਾ ਸਬੂਤ ਹਨ । ਇਹਨਾਂ ਦੀ ਸਮੁੱਚੇ ਭਾਈਚਾਰੇ ਤੋਂ ਅਲਹਿਦਗੀ ਹੁਣ ਹਰ ਸੋਚ ਵਾਲੇ ਮਨੁੱਖ ਦਾ ਜ਼ਰੂਰੀ ਕਾਰਜ ਬਣ ਗਿਆ ਹੈ ।

o ਸਿਆਸੀ ਸਰਗਰਮ ਵਰਕਰਾਂ ਦੀ ਜ਼ਬਾਨ ਦਹਿਸ਼ਤ ਪਾਕੇ ਬੰਦ ਕਰਨੀ, ਇਹ ਵਰਤਾਰਾ ਪੰਜਾਬ ਵਿਚ ਖਾਲਿਸਤਾਨੀ ਦਹਿਸ਼ਤਗਰਦਾਂ ਵਲੋਂ ਵੀ ਚਲਦਾ ਹੈ ਅਤੇ ਪੰਜਾਬ ਦਾ ਸਰਕਾਰੀ ਪ੍ਰਸ਼ਾਸਨ ਤਾਂ ਇਸ ਖੇਤਰ ਵਿਚ ਸਾਰੀਆਂ ਹੱਦਾਂ ਟੱਪ ਰਿਹਾ ਹੈ । ਮੇਜਰ ਸਿੰਘ ਮੱਟਰਾਂ, ਨਵਦੀਪ ਬਿੱਟੂ ਅਤੇ ਹਰਤੇਜ ਸਿੰਘ ਮਹਿਤਾ ਪੰਜਾਬ ਇਨਕਲਾਬੀ ਫਰੰਟ ਦੇ ਸਰਗਰਮ ਵਰਕਰ ਹਨ । ਉਨ੍ਹਾਂ ਨੂੰ ਬਠਿੰਡਾ ਪੁਲਸ ਵਲੋਂ ਕਾਗਜ਼ਾਂ ਵਿਚ ਬਗੈਰ ਗਿਰਫ਼ਤਾਰੀ ਪਾਇਆਂ ਗਿਰਫ਼ਤਾਰ ਕੀਤਾ ਗਿਆ ਤੇ ਅਣ-ਮਨੁੱਖੀ ਜਬਰ ਕਰਕੇ ਉਹਨਾਂ ਨੂੰ ਸਰੀਰਕ ਤੌਰ 'ਤੇ ਨਕਾਰਾ ਕਰ ਦਿੱਤਾ ਗਿਆ ਹੈ । ਇਸ ਅਮਲ ਦੀ ਵਿਆਪਕ ਨਿਖੇਧੀ ਹੋਣੀ ਚਾਹੀਦੀ ਹੈ ।

o ਪੰਜਾਬ ਵਿਚ ਹੋ ਰਹੇ ਗ਼ੈਰ-ਮਨੁੱਖੀ ਵਰਤਾਰੇ ਨੂੰ ਖ਼ਤਮ ਕਰਨ ਲਈ ਅਤੇ ਪੰਜਾਬ ਦੇ ਮਸਲੇ ਦੇ ਸਿਆਸੀ ਹੱਲ ਲਈ, (ਜੋ ਹੁਣ ਦੇ ਹਾਲਾਤ ਵਿਚ ਇਲਾਕਾਈ ਖ਼ੁਦਮੁਖ਼ਤਿਆਰੀ ਦੀ ਮੰਗ ਦੇ ਨੇੜੇ ਤੇੜੇ ਹੀ ਹੋ ਸਕਦਾ ਹੈ ਦੁਨੀਆਂ ਭਰ ਦੇ ਵੱਡ ਮੁਲਕਾਂ ਵਿਚ—ਰੂਸ, ਕੈਨੇਡਾ, ਅਮਰੀਕਾ ਆਦਿਕ ਵਿਚ ਇਲਾਕਾਈ ਖ਼ੁਦਮੁਖ਼ਤਿਆਰੀ ਅਤੇ ਫੈਡਰਲ ਢਾਂਚਾ ਮੰਨੇ ਹੋਏ ਸਿਆਸੀ ਅਸੂਲ ਹਨ) ਅਵਾਜ਼ ਉਠਾਣ ਲਈ ਇਕ ਸਾਂਝੇ ਲੋਕ ਮੰਚ ਦੀ ਲੋੜ ਹੈ । ਆਪਣੇ ਨਿੱਕੇ ਮੋਟੇ ਝਗੜ ਲਾਂਭੇ ਰਖਕੇ ਇਸ ਲੋਕ ਮੰਚ ਦੀ ਸਥਾਪਨਾ ਲਈ ਅੱਗੇ ਆਉਣਾ ਚਾਹੀਦਾ ਹੈ/ਗੁਰਸ਼ਰਨ ਸਿੰਘ

# ਪੰਜਾਬ ਦੀ ਇਨਕਲਾਬੀ ਧਿਰ ਵਲੋਂ ਪਾਸ਼ ਅਤੇ
# ਪੱਡਾ ਦੀ ਯਾਦ ਵਿਚ ਇਕ ਅਦੁੱਤੀ ਸ਼ਰਧਾਂਜਲੀ ਸਮਾਗਮ

ਇਹ ਸ਼ਰਧਾਂਜਲੀ ਸਮਾਗਮ 9-10 ਜੁਲਾਈ 1988 ਦੀ ਦਰਮਿਆਣੀ ਰਾਤ ਪੰਜਾਬੀ ਭਵਨ ਲੁਧਿਆਣਾ ਵਿਖੇ ਹਜ਼ਾਰਾਂ ਦੀ ਗਿਣਤੀ ਵਿਚ ਆਏ ਇਨਕਲਾਬੀ ਕੇਡਰ ਵਲੋਂ ਕੀਤਾ ਗਿਆ। ਸਮਾਗਮ ਦੇ ਪ੍ਰਬੰਧ ਦੀ ਮੁੱਖ ਜ਼ਿੰਮੇਵਾਰੀ ਭਾਵੇਂ ਇਨਕਲਾਬੀ ਕੇਂਦਰ ਪੰਜਾਬ ਵਲੋਂ ਨਿਭਾਈ ਗਈ ਪਰ ਸਾਰੀਆਂ ਇਨਕਲਾਬੀ ਧਿਰਾਂ ਦੀ ਸ਼ਮੂਲੀਅਤ ਅਤੇ ਸਹਿਯੋਗ ਨੇ ਇਸਨੂੰ ਇਕ ਸਾਂਝੇ ਸਮਾਗਮ ਦਾ ਰੂਪ ਦਿੱਤਾ। ਆਪਣੇ ਵਿਛੜ ਗਏ ਸੰਗਰਾਮੀ ਲੇਖਕਾਂ ਨੂੰ ਇਹ ਸ਼ਰਧਾਂਜਲੀ ਪੂਰੀ ਤਰ੍ਹਾਂ ਇਨਕਲਾਬੀ ਰਵਾਇਤਾਂ ਦੇ ਅਨੁਸਾਰ ਸੀ।

o ਪਾਸ਼ ਦੀ ਸਮੁੱਚੀ ਕਵਿਤਾ ਤੇ ਆਧਾਰਤ ਇਕ ਰੂਪਕ 'ਅਸੀਂ ਲੜਾਂਗੇ ਸਾਥੀ' ਨੇ ਜਿਥੇ ਉਸ ਯੁੱਗ ਕਵੀ ਦੀ ਕਵਿਤਾ ਨੂੰ ਪੂਰੀ ਤਰ੍ਹਾਂ ਦਰਸ਼ਕਾਂ ਅੱਗੇ ਪੇਸ਼ ਕੀਤਾ, ਉਥੇ ਇਕ ਵੱਡੀ ਸਫਲਤਾ ਇਹ ਸੀ ਕਿ ਪਾਸ਼ ਦੀ ਖੁਲ੍ਹੀ ਕਵਿਤਾ ਸੰਗੀਤ ਦੀ ਲੈਅ ਵਿਚ ਪੇਸ਼ ਹੋਈ। ਸਮੁੱਚੀ ਕਵਿਤਾ ਨੂੰ ਪੇਸ਼ ਕਰਨ ਦੀਆਂ ਚਾਰ ਸ਼ੈਲੀਆਂ ਅਪਣਾਈਆਂ ਗਈਆਂ। ਸ਼ਕਤੀਸ਼ਾਲੀ ਤਰੀਕੇ ਨਾਲ ਕਵਿਤਾ ਪਾਠ, ਲੋਕ ਬੋਲੀਆਂ ਪਰੰਪਰਾਵਾਦੀ ਸ਼ੈਲੀ ਵਿਚ, ਕਾਵਿਕ ਟੂਕਾਂ ਕੋਰਸ ਦੀ ਸ਼ੈਲੀ ਵਿਚ ਅਤੇ ਲੰਮੀਆਂ ਨਜ਼ਮਾਂ ਦਾ ਸੰਗੀਤਮਈ ਕਵਿਤਾ ਪਾਠ। ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਦੀਆਂ ਹੁਣ ਤੱਕ ਦੀਆਂ ਵੱਡੀਆਂ ਪ੍ਰਾਪਤੀਆਂ ਵਿਚੋਂ ਇਹ ਰੂਪਕ ਇਕ ਵਿਸ਼ੇਸ਼ ਪ੍ਰਾਪਤੀ ਕਿਹਾ ਜਾ ਸਕਦਾ ਹੈ। ਸੁਖਦੇਵ, ਕੇਵਲ ਧਾਲੀਵਾਲ, ਪ੍ਰਦੀਪ, ਰੇਣੂ ਸਿੰਘ, ਮਨਦੀਪ ਅਤੇ ਖ਼ਾਸ ਕਰਕੇ ਪ੍ਰਮਜੀਤ ਸਿੰਘ ਇਸ ਲਈ ਵਧਾਈ ਦੇ ਹੱਕਦਾਰ ਹਨ।

o ਜੈਮਲ ਪੱਡਾ ਦੇ ਤਿੰਨ ਗੀਤ—ਜਿਨ੍ਹਾਂ ਦੇ ਸੀਨਿਆਂ ਵਿਚ ਜ਼ੋਰ ਹੈ, ਉੱਠ ਕਿਸਾਨਾਂ ਹੱਲਾ ਬੋਲ, ਦੁਨੀਆ ਭਰ ਦੇ ਕਾਮਿਆਂ ਦਾ ਪਿਆਰ ਬਣਕੇ ਨਿਕਲਾਂਗੇ—ਸਤਵਿੰਦਰ ਸੋਨੀ ਦੀ ਅਗਵਾਈ ਵਿਚ ਪ੍ਰਦੀਪ, ਰਣਜੀਤ; ਗੁਲਸ਼ਨ ਹਰਦੀਪ ਕਤੇ ਹੈਨਰੀ ਨੇ ਬੜੇ ਸ਼ਕਤੀਸ਼ਾਲੀ ਢੰਗ ਨਾਲ ਪੇਸ਼ ਕਰਕੇ ਦਰਸ਼ਕਾਂ ਵਿਚ ਜੋਸ਼ ਭਰਿਆ।

o ਜੈਮਲ ਪੱਡਾ ਦੇ ਗੀਤਾਂ ਅਤੇ ਜੀਵਨ ਤੇ ਆਧਾਰਤ ਨਾਟਕ 'ਪੈਰ ਸੂਲਾਂ ਤੇ ਵੀ ਨੱਚਦੇ ਰਹਿਣਗੇ' ਇਕ ਪ੍ਰਭਾਵਸ਼ਾਲੀ ਨਾਟਕ ਸੀ, ਜਿਸਨੇ ਦਰਸ਼ਕਾਂ ਨੂੰ ਪੂਰੀ ਤਰ੍ਹਾਂ ਕੀਲਿਆ। ਸਾਥੀ ਪੱਡਾ ਦੀ ਸਮੁੱਚੀ ਇਨਕਲਾਬੀ ਦੇਣ (ਇਨਕਲਾਬੀ ਗੀਤਕਾਰ ਅਤੇ ਲਹਿਰ ਦਾ ਇਕ ਸਰਗਰਮ ਸਾਥੀ ਹੋਣਾ) ਨੂੰ ਇਹ ਸੱਚੀ ਸ਼ਰਧਾਂਜਲੀ ਸੀ। ਨਾਟਕ ਵਿਚ ਸਾਥੀ ਜੈਮਲ ਪੱਡਾ ਦੇ ਗੀਤਾ ਦੀ ਪਿੱਠ ਭੂਮੀ ਨਾਟਕੀ ਵਿੱਧੀ ਨਾਲ ਉਘਾੜਕੇ ਉਹਨਾਂ ਦਾ ਸਹੀ ਸਾਹਿਤਕ ਮੁੱਲ ਪਾਇਆ ਗਿਆ!

o ਕਵੀ ਦਰਬਾਰ ਵਿਚ ਜਸਪਾਲ ਮਾਨ ਦੀ ਕਵਿਤਾ 'ਇਹ ਸਮਾਂ ਕੁਝ ਹੋਰ ਹੈ' ਨੇ ਵਿਸ਼ੇਸ਼ ਧਿਆਨ ਖਿਚਿਆ। ਅੱਜ ਦਾ ਸਮਾਂ ਵਿਗਿਆਨਕ ਸੋਚ ਦਾ ਸਮਾਂ ਹੈ। ਲਕੀਰ ਦਾ ਫਕੀਰ ਬਣਨ ਦਾ ਸਮਾਂ ਨਹੀਂ। ਇਹ ਇਸ ਕਵਿਤਾ ਦਾ ਸੁਨਿਹਾ ਸੀ।

o ਸਾਥੀ ਜੈਮਲ ਸਿੰਘ ਪੱਡਾ ਦੇ ਪਿਤਾ ਜੀ ਸ: ਸੰਤੋਖ ਸਿੰਘ ਪਰਵਾਨਾ ਜੀ ਨੂੰ ਜੈਮਲ ਪੱਡਾ ਦੀ ਕਵਿਤਾ ਤੇ ਆਧਾਰਤ ਸ਼ਰਧਾਂਜਲੀ ਪੁਸਤਕ 'ਪੈਰ ਸੂਲਾਂ ਤੇ ਵੀ ਨੱਚਦੇ ਰਹਿਣਗੇ, ਦਰਸ਼ਨ ਖੱਟਕੜ ਵਲੋਂ ਪੇਸ਼ ਕੀਤੀ ਗਈ। ਪਰਵਾਨਾ ਜੀ ਆਪ ਕਵੀਸ਼ਰ ਨੇ। ਜਿਸ ਸਹਿਜ ਨਾਲ ਉਹਨਾਂ ਨੇ ਸਾਰੇ ਦਰਸ਼ਕਾਂ ਨੂੰ ਸੰਬੋਧਨ ਕੀਤਾ ਅਤੇ ਨਾਲ ਨਾਲ ਆਪਣੀਆਂ ਕਾਵਿਕ ਟੂਕਾਂ ਬੋਲੀਆਂ, ਉਹਨਾਂ ਨੇ ਦਰਸ਼ਕਾਂ ਨੂੰ ਹਲੂਣ ਕੇ ਰਖ ਦਿਤਾ। ਇਕ ਸ਼ਹੀਦ ਦੇ ਪਿਤਾ ਦੀ ਇਹ ਤਕਰੀਰ ਇਨਕਲਾਬੀ ਕੇਡਰ ਲਈ ਇਕ ਵਿਸ਼ੇਸ਼ ਪ੍ਰੇਰਨਾ ਸੀ।

o ਇਕ ਬਹੁਤ ਹੀ ਵੱਧੀਆ ਨਾਟਕ 'ਨਵਾਂ ਜਨਮ' ਜੋ ਨੌਜਵਾਨ ਕਹਾਣੀਕਾਰ ਸਰਵਮੀਤ ਦੀ ਇਕ ਚਰਚਿਤ ਕਹਾਣੀ 'ਕਲਾਣ' ਤੇ ਆਧਾਰਿਤ ਸੀ, ਪੇਸ਼ ਕੀਤਾ ਗਿਆ। ਇਸ ਵਿਚ ਹੀਰਾ ਸਿੰਘ, ਕ੍ਰਿਸ਼ਨ ਦਵੇਸਰ, ਪ੍ਰਦੀਪ, ਸ਼ਰਨਜੀਤ ਅਤੇ ਨਰਿੰਦਰ ਸਾਥੀ ਨੇ ਆਪਣੇ ਕਿਰਦਾਰਾਂ ਨੂੰ ਪੂਰੀ ਸ਼ਿੱਦਤ ਨਾਲ ਨਿਭਾਇਆ। ਇਹ ਨਾਟਕ ਪਾਸ਼ ਦੀ ਕਵਿਤਾ ਦੀ ਇਕ ਟੂਕ ਨੂੰ ਸਮਰਪਿਤ ਸੀ 'ਹੱਥ ਜੁੜੇ ਕੰਮੀਆਂ ਦੇ, ਮੁਕਿਆਂ 'ਚ ਹਨ ਵੱਟਦੇ'

(ਬਾਕੀ ਵੇਖੋ ਸਫਾ 24 ਤੇ)

# ਪੰਜਾਬ ਸਮੱਸਿਆ ਦਾ ਜਮਹੂਰੀ ਹੱਲ—ਖੇਤਰੀ ਖੁਦਮੁਖਤਿਆਰੀ— ਕੇਂਦਰੀ ਸਰਕਾਰ ਪਹਿਲ ਕਰੇ—ਕਿਉਂ ?

—ਗੁਰਦਿਆਲ 'ਸੀਤਲ' ਸ਼ੇਰਪੁਰੀ

(1) ਉਪਰੋਕਤ ਹੱਲ, ਇਸ ਲਈ ਜ਼ਰੂਰੀ ਹੈ ਕਿਉਂਕਿ, ਪਿਛਲੇ ਸਾਲਾਂ ਦੁਰਾਨ, ਕੇਂਦਰੀ ਸਰਕਾਰ ਅਤੇ ਖਾਲਿਸਤਾਨੀ ਦਹਿਸ਼ਤ ਗਰਦਾਂ ਦੀਆਂ ਕਾਰਵਾਂਈਆਂ ਕਾਰਨ ਪੰਜਾਬ ਲਹੂ-ਲੁਹਾਣ ਹੋ ਰਿਹਾ ਹੈ ਅਤੇ ਇਸਦੀ ਪ੍ਰੇਤ ਛਾਇਆ ਦੂਸਰੇ ਸੂਬਿਆਂ ਦੇ ਲੋਕਾਂ ਨੂੰ ਵੀ ਅਨੀਂਦਰਾ ਮਾਰਨ ਲੱਗ ਪਈ ਹੈ। ਦਸੀਓ ਹਜ਼ਾਰ ਲੋਕ ਇਸ ਚੰਦਰੀ ਬਲਾ ਨੇ ਨਿਗਲ ਲਏ ਹਨ। ਸੰਨ 1987 ਦੇ ਅੰਕੜਿਆਂ, ਪੰਜਾਬ ਸਿੱਖ ਲਾਇਅਰਜ ਕੌਂਸਲ ਦੇ ਅਨੁਸਾਰ 40 ਹਜ਼ਾਰ ਤੋਂ ਵੀ ਵੱਧ ਲੋਕ ਮਾਰੇ ਗਏ ਅਤੇ ਮਹਾਂ-ਰਾਸ਼ਟਰ ਦੇ ਬਾਬਾ ਆਮਟੇ ਅਨੁਸਾਰ ਮਾਰੇ ਗਏ ਲੋਕਾਂ ਦੀ ਸੰਖਿਆ 20 ਤੋਂ 25 ਹਜ਼ਾਰ ਦੇ ਦਰਮਿਆਨ ਬਣਦੀ ਸੀ। ਸਰਕਾਰੀ ਗਿਣਤੀ ਅਨੁਸਾਰ ਮਾਰੇ ਗਏ ਹਿੰਦੂਆਂ ਦੀ ਗਿਣਤੀ 2 ਹਜ਼ਾਰ ਤੋਂ ਉਪਰ ਸੀ। ਹੁਣੇ 2, ਜੂਨ 1988 ਤੱਕ ਦੇ ਛੇ ਮਹੀਨਿਆਂ ਦੁਰਾਨ ਮਰਨ ਵਾਲਿਆਂ ਦੀ ਗਿਣਤੀ 1771, ਔਸਤਨ ਪ੍ਰਤੀ ਦਿਨ 9 ਮਨੁੱਖੀ ਜਾਨਾਂ, ਇਸ ਦੀ ਭੇਂਟ ਚੜ੍ਹ ਚੁਕੀਆਂ ਹਨ।

ਪੰਜਾਬ ਦੇ ਲੋਕ ਸਰਕਾਰੀ ਦਹਿਸ਼ਤ ਤੇ ਖ਼ਾਲਿਸ-ਤਾਨੀ ਦਹਿਸ਼ਤ ਕਾਰਨ ਸਹਿਮੇ ਹੋਏ ਹਨ। ਕੰਮਾਂ ਕਾਰਾਂ ਦੀ ਹਾਲਤ ਵੀ ਬਦਤਰ ਬਣੀ ਹੋਈ ਹੈ। ਨਵੇਂ ਧੰਦੇ ਤਾਂ ਕੀ ਖੁਲ੍ਹਣੇ ਸਨ—ਪੁਰਾਣੇ ਕਾਰੋਬਾਰ ਵੀ ਸਾਹ ਵਰੋਲ ਰਹੇ ਹਨ, ਮਜ਼ਦੂਰ ਜੰਤਾ ਡਾਢੇ ਮੰਦੇਹਾਲੀਂ ਹੈ। ਰੇਅ, ਟਬੈਰੋ ਤੇ ਕੇਂਦਰੀ ਮੰਤਰੀ ਪੰਜਾਬ ਦੀ ਖੇਤੀਬਾੜੀ ਪੈਦਾਵਾਰ ਵਧਣ ਦੇ ਗੁਣਗਾਣ ਕਰਦੇ ਨਹੀਂ ਥਕਦੇ ਪਰ ਮਿਹਨਤੀ ਕਿਸਾਨਾਂ ਦੀ ਫੱਟੜ ਹੋਈ ਮਾਨਸਿਕਤਾ ਤੋਂ ਬੇ-ਚਿੰਤ। ਪੰਜਾਬ ਅੰਦਰੋਂ ਹਿੰਦੂ ਫਿਰਕੇ ਤੇ ਬਾਹਰੋਂ ਸਿੱਖ ਫ਼ਿਰਕੇ ਨਾਲ ਸੰਬੰਧਤ ਲੋਕ ਡਰਦੇ ਮਾਰੇ ਉੱਜੜਨ ਲਈ ਮਜਬੂਰ ਹਨ; ਜਦੋਂ ਕਿ ਕਾਫ਼ੀ ਗਿਣਤੀ ਨੇ ਜਿਵੇਂ ਮਜਬੂਰੀ ਵੱਸ, ਆਪਣੇ ਆਪ ਨੂੰ ਅਣਹੋਈਆ ਦੀ ਭੇਂਟ ਸਮਝਕੇ ਘੇਸਲ ਵੱਟ ਲਈ ਹੈ। ਹੋਰ ਉਹ ਕਰਨ ਵੀ ਕੀ ! ਸਥਿਤੀ ਐਨੀ ਗੁੰਝਲਦਾਰ ਬਣਾ ਦਿੱਤੀ ਹੈ ਕਿ ਸਾਧਾਰਨ ਲੋਕ ਤਾਂ ਇਸਦੇ ਹੱਲ ਬਾਰੇ ਨਿਰਾਸ਼ ਹਨ। ਕੋਈ ਵੰਨੇ ਖਾਂ ਰਾਜਨੀਤਿਕ ਹਿਸਾਬਦਾਨ ਵੀ ਹਾਲਾਤਾਂ ਦਾ ਪਾਸਾ ਨਿਸਚਿਤ ਕਰਨ ਤੋਂ ਅਸਮਰੱਥ ਹੈ।

(2) ਜਾਣੀਆਂ ਪਹਿਚਾਣੀਆਂ, ਕੇਂਦਰੀ ਪਾਰਟੀਆਂ—ਕਾਂਗਰਸ (ਏ), ਭਾਜਪਾ, ਸੀ. ਪੀ. ਆਈ, ਸੀ. ਪੀ. ਐਮ., ਲੋਕਦਲ ਆਦਿ, ਆਪਣੇ ਸਿਉਂਕ ਲੱਗੇ ਹੱਲ ਹੀ ਚੁੱਕੀ ਫਿਰਦੀਆਂ ਹਨ ਜਦੋਂ ਕਿ ਜਨਤਾ ਪਾਰਟੀ ਖ਼ਾਲਿਸਤਾਨੀਆਂ ਸਮੇਤ ਸਿੱਖ ਧਿਰਾਂ ਨਾਲ ਗੱਲਬਾਤ ਰਾਹੀਂ ਮਾਮਲਾ ਹੱਲ ਕਰਨ ਦੇ ਹੱਕ ਵਿਚ ਹੈ।

ਕੇਂਦਰੀ ਕਾਂਗਰਸ ਸਰਕਾਰ, ਅੱਜ ਕੱਲ੍ਹ ਇਕ ਪਾਸੇ ਤਾਂ ਹੁਣੇ ਹੁਣੇ ਕੀਤੇ ਕਾਲੀ ਗਰਜ ਉਪਰੇਸ਼ਨ ਦੀਆਂ ਪ੍ਰਾਪਤੀਆਂ ਨੂੰ ਜ਼ੋਰ ਸ਼ੋਰ ਨਾਲ ਪ੍ਰਚਾਰਕੇ ਖੱਟੀ ਖੱਟਣ ਵਿਚ ਗਲਤਾਨ ਹੈ ਕਿ ਇਸ ਦੀਆਂ ਬਹਾਦਰ ਕਾਲੀਆਂ ਬਿੱਲੀਆਂ (black cats) ਨੇ ਝਪੱਟਾ ਮਾਰਕੇ ਕਿਵੇਂ ਅਤੰਕਵਾਦੀਆਂ ਦੇ ਹੱਥ ਖੜੇ ਕਰਵਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿਤਰਤਾ ਬਹਾਲ ਕਰਵਾਈ। ਦੂਸਰੇ ਪਾਸੇ ਕਈ ਕਿਸਮ ਦੇ ਬੰਦਸ਼ੀ ਕਾਨੂੰਨ ਸਮੇਤ ਐਮਰਜੈਂਸੀ ਦੇ—ਮੜ੍ਹਕੇ ਹੋਰ ਹਥਿਆਰਬੰਦ ਸ਼ਕਤੀਆਂ ਵਧਾਕੇ, ਪੰਜਾਬ ਸਮੱਸਿਆ ਨੂੰ ਕੇਵਲ 'ਆਤੰਕਵਾਦੀ' ਸਮੱਸਿਆ ਦਰਸਾਕੇ, ਉਨ੍ਹਾਂ ਨੂੰ ਨੇਸਤਨਾਬੂਦ ਕਰਕੇ ਪੰਜਾਬ ਦੇ ਮਸਲੇ ਨੂੰ ਹੱਲ ਕਰਨ 'ਚ ਪੱਬਾਂ ਭਾਰ ਹੋ ਰਹੀ ਹੈ।

ਜਿਥੋਂ ਤੱਕ ਸਿੱਖਾਂ ਦੇ ਬਾਕੀ ਅੱਡ 2 ਗਰੁਪਾਂ ਦਾ ਸਬੰਧ ਹੈ, ਕਈ ਕਾਂਗਰਸ ਦੀ ਨੀਤੀ ਨਾਲੋਂ ਸਪਸ਼ਟ ਤੌਰ ਵਿਛੋੜਾ ਨਹੀਂ ਕਰ ਰਹੇ ਤੇ ਕਈ ਦੂਸਰੇ ਖ਼ਾਲਿਸਤਾਨੀਆਂ ਦੀ ਨੀਤੀ ਨਾਲੋਂ—। ਇਹਨਾਂ ਦੀ ਏਕਤਾ—ਅਨੇਕਤਾ ਵਿੱਚ ਤਾਂ ਵਟੀ ਹੋਈ ਹੈਹੀ ਜੋ ਇਨ੍ਹਾਂ ਦੇ ਸੰਘਰਸ਼ ਲਈ ਜੜ੍ਹੀਂ ਤੇਲ ਦੇਣ ਵਾਂਗ ਹੈ। ਇਸ 'ਚ ਵਾਧਾ ਇਹ ਕਿ ਹੁਣੇ 2 ਜਿਸ ਲੀਡਰ ਦੇ ਹੁਕਮ 'ਤੇ ਫੁੱਲ ਚੜ੍ਹਦੇ ਹਨ ਉਹ ਦੂਸਰੇ ਪਲ ਹੀ ਧੜੰਮ ਡੇਗ ਦਿੱਤਾ ਜਾਂਦਾ ਹੈ ਤੇ ਝੂਲੇ ਦੀਆਂ ਕੁਰਸੀਆਂ ਬਿਖਰ ਜਾਂਦੀਆਂ ਹਨ !

ਆਪਣੇ ਆਪ ਨੂੰ ਨਕਸਲਾਈਟ ਤੇ ਜਮਹੂਰੀ ਸ਼ਕਤੀਆਂ ਸਮਝਣ ਵਾਲੇ ਗਰੁੱਪ ਵੱਖ 2 ਪੱਧਰਾਂ ਦੇ ਅੱਡ ਅੱਡ ਨਿਰਨੇ ਕਰਨ 'ਚ ਲਗੇ ਹੋਏ ਹਨ।

(3) ਪੰਜਾਬ ਦੀ ਉਲਝੀ ਤਾਣੀ ਨੂੰ ਸੁਲਝਾਉਣ ਲਈ ਜੇਕਰ ਕੋਈ ਸੁਝਾ ਹੋ ਸਕਦਾ ਹੈ ਤਾਂ ਉਹ ਜਮਹੂਰੀ ਹੱਲ ਦਾ ਹੀ ਹੋ ਸਕਦਾ ਹੈ। ਇਸ ਹੱਲ ਦੇ ਦੋ ਪਹਿਲੂ ਹਨ : ਪਹਿਲਾ, ਇਹ ਕਿ ਕੇਂਦਰੀ ਸਰਕਾਰ ਗੱਲਬਾਤ ਰਾਹੀਂ ਮਾਮਲਾ ਹੱਲ ਕਰਨ ਦਾ ਤਰੀਕਾ ਅਖਤਿਆਰ ਕਰੇ; ਅਤੇ ਦੂਸਰਾ ਪਹਿਲੂ ਇਹ ਹੈ ਕੇਂਦਰੀ ਸਰਕਾਰ, ਇਸ ਟਕਰਾ ਨੂੰ ਖਤਮ ਕਰਨ ਲਈ, ਗੱਲਬਾਤ ਦੁਰਾਨ ਪੰਜਾਬ ਮਸਲੇ ਦੇ ਹੱਲ ਵਜੋਂ, ਪੰਜਾਬ ਨੂੰ ਭਾਰਤੀ ਯੂਨੀਅਨ ਅੰਦਰ ਅਟੌਮਨੀ (ਜਿਵੇਂ ਪਹਿਲਾਂ ਹੀ ਜੰਮੂ ਤੇ ਕਸ਼ਮੀਰ ਨੂੰ ਦਿੱਤੀ ਗਈ ਹੈ) ਦੇਣ ਦਾ ਸੁਝਾ

ਪੇਸ਼ ਕਰੇ।

(4) (ੳ) ਇਹ ਸੁਝਾ ਪੰਜਾਬ ਅਤੇ ਭਾਰਤ ਦੇ ਲੋਕਾਂ ਦੇ ਹਿਤ ਵਿਚ ਹੈ। ਗੱਲਬਾਤ ਕਰਨ ਦਾ ਢੰਗ ਅਤੇ ਭਾਰਤੀ ਯੂਨੀਅਨ ਦੇ ਇਕ ਅੰਗ ਵਜੋਂ ਪੰਜਾਬ ਨੂੰ ਖੁਦਮੁਖਤਿਆਰੀ ਦੇਣ ਦਾ ਉਦੇਸ਼ ਹਕੀਕੀ ਹਾਲਤਾਂ ਦੇ ਅਨੁਕੂਲ ਹੈ। ਕਿਉਂਕਿ ਕੇਂਦਰ ਵਲੋਂ ਬਲਿਊ ਸਟਾਰ ਉਪਰੇਸ਼ਨ ਤੋਂ ਲੈ ਕੇ ਕਾਲੀਗਰਜ ਉਪਰੇਸ਼ਨ ਤੇ ਉਸਤੋਂ ਬਾਅਦ ਤੱਕ ਅਪਣਾਈ ਗੋਲੀ ਬਦਲੇ ਗੋਲੀ ਦੀ ਨੀਤੀ ਨਾਲ ਸਮੱਸਿਆ ਸਗੋਂ ਹੋਰ ਉਲਝੀ ਹੈ ਜਿਸਦੇ ਨਤੀਜੇ ਵਜੋਂ ਲੋਕਾਂ ਦੀ ਅਸੁਰੱਖਿਆ ਦੀ ਭਾਵਨਾ ਵਿਚ ਹੋਰ ਵਾਧਾ ਹੋਇਆ ਹੈ ਤੇ ਨਾਲ ਹੀ ਨਾਲ ਉਨ੍ਹਾਂ ਅੰਦਰ ਫਿਰਕੂ ਖਾਈ ਨੂੰ ਹੋਰ ਗਹਿਰਾ ਕੀਤਾ ਹੈ।

(ਅ) ਜਿੱਥੋਂ ਤੱਕ ਗੱਲਬਾਤ ਦੇ ਢੰਗ ਦਾ ਸਬੰਧ ਹੈ : ਪਹਿਲਾ, ਇਹ ਰਾਜੀਵ ਸਰਕਾਰ ਵੱਲੋਂ ਅਖਤਿਆਰ ਕੀਤੇ ਗਏ ਸਰਕਾਰੀ ਫਿਰਕੂ ਦਹਿਸ਼ਤਵਾਦ ਅਤੇ ਖਾਲਿ-ਸਤਾਨੀਆਂ ਵੱਲੋਂ ਅਪਣਾਏ ਵਿਅਕਤੀਗਤ ਫਿਰਕੂ ਦਹਿਸ਼ਤਵਾਦ ਦੋਹਾਂ ਦੇ ਢੰਗ ਨੂੰ ਰੱਦ ਕਰਦਾ ਹੈ; ਇਨ੍ਹਾਂ ਦੋਵਾਂ ਨੇ ਹੀ ਵੱਡੀ ਗਿਣਤੀ ਵਿਚ ਮਨੁੱਖੀ ਜਾਨਾਂ ਲਈਆਂ ਹਨ ਅਤੇ ਅਜੇ ਵੀ ਲੈ ਰਹੇ ਹਨ। ਦੂਸਰਾ, ਇਹ ਜਨਤਕ ਹਿਤਾਂ ਦੇ ਅਨੁਕੂਲ ਹੈ ਕਿਉਂਕਿ ਗੱਲਬਾਤ ਦਾ ਢੰਗ ਪ੍ਰਚੱਲਤ ਇਕ ਅਜਿਹਾ ਵਧੀਆ ਤਰੀਕਾ ਹੈ ਜਿਸਨੂੰ ਸੰਸਾਰ ਅੰਦਰ ਵਾਦਵਿਵਾਦ 'ਚ ਪਈਆਂ ਸਾਰੀਆਂ ਧਿਰਾਂ ਨੇ ਸਾਰੇ ਝਗੜਿਆਂ ਦੇ ਨਿਪਟਾਰੇ ਲਈ ਇਸਤੇਮਾਲ ਕੀਤਾ ਹੈ। ਇਥੋਂ ਤੱਕ ਕਿ ਰਾਜੀਵ ਸਰਕਾਰ ਨੇ ਖੁਦ ਵੀ ਸ੍ਰੀ ਲੰਕਾ ਦੀ ਨਸਲੀ ਸਮੱਸਿਆ ਬਾਰੇ ਗੱਲਬਾਤ ਦੀ ਹੀ ਰਾਏ ਰੱਖੀ ਸੀ ਅਤੇ ਖੁਦ ਮੀਜ਼ੋ ਫਰੰਟ ਦੇ ਨੇਤਾ ਲਾਲ ਡੇਂਗਾ ਨਾਲ ਟੇਬਲ ਉਤੇ ਬੈਠ ਕੇ ਹੀ ਗੱਲਬਾਤ ਰਾਹੀਂ ਸਮਝੌਤੇ ਦਾ ਹੱਲ ਕੱਢਿਆ। ਇੱਥੇ ਭਾਰਤ ਤੇ ਪਾਕਿਸਤਾਨ ਵਿਚਕਾਰ ਹੋਏ ਤਾਸ਼ਕੰਦ (1965) ਅਤੇ ਸ਼ਿਮਲਾ (1971) ਨੂੰ ਵੀ ਮਿਸਾਲ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਤੀਸਰਾ, ਇਹ ਜਨਤਕ ਹਿਤਾਂ ਦੇ ਅਨੁਕੂਲ ਹੈ, ਕਿਉਂਕਿ ਹਾਕਮ ਕਾਂਗਰਸ ਪਾਰਟੀ ਕੌਮਾਂਤਰੀ ਤੇ ਘਰੇਲੂ ਤਜਰਬੇ ਤੋਂ ਸਿੱਖਣ ਦੇ ਬਜਾਏ ਅਜੇ ਵੀ ਹਥਿਆਰਬੰਦ ਸ਼ਕਤੀਆਂ ਦੀ ਵਰਤੋਂ ਦੁਆਰਾ ਇਸ ਦੀਵਾਲੀਆਂ ਨੀਤੀ ਨੂੰ ਜਾਰੀ ਰੱਖ ਰਹੀ ਹੈ।

(ੲ) ਜਿੱਥੋਂ ਤੱਕ ਭਾਰਤ ਦੇ ਇਕ ਅੰਗ ਵਜੋਂ ਪੰਜਾਬ ਨੂੰ ਖੁਦਮੁਖਤਿਆਰੀ ਦੇਣ ਦੇ ਸੁਝਾ ਦੇ ਮੰਤਵ ਦਾ ਸਬੰਧ ਹੈ, ਇਹ ਜਨਤਕ ਹਿਤਾ ਦੇ ਅਨਕੂਲ ਹੈ ਕਿਉਂਕਿ : ਪਹਿਲਾ, ਇਹ ਭਾਰਤੀ ਯੂਨੀਅਨ ਦੇ ਅੰਦਰ ਪੰਜਾਬ ਦੇ ਸੰਵਿਧਾਨਕ ਦਰਜੇ ਨੂੰ ਉੱਚਾ ਚੁੱਕਦਾ ਹੈ ਅਤੇ ਇਸ ਵਾਸਤੇ ਵਧੇਰੇ ਤਾਕਤ ਹਾਸਲ ਕਰਦਾ ਹੈ ਤੇ ਇਸ ਤਰ੍ਹਾਂ ਇਹ ਸਾਰੇ ਪੰਜਾਬੀ ਲੋਕਾਂ ਦੇ ਹਿਤਾਂ ਦੀ ਪਾਲਣਾ ਕਰਦਾ ਹੈ। ਦੂਸਰਾ, ਇਹ ਗੁਣਾਤਮ ਤੌਰ ਤੇ ਅਨੰਦਪੁਰ ਸਾਹਿਬ ਮਤੇ ਦੀ ਕੁੰਜੀਵਤ ਮੰਗ ਨੂੰ ਪੂਰਾ ਕਰਦਾ ਹੈ ਜਿਸਦੀ ਪ੍ਰਵਾਨਗੀ, ਭਾਰਤੀ ਯੂਨੀਅਨ 'ਚ ਸਿੱਖ ਭਾਈਚਾਰੇ ਦੇ ਵਿਸ਼ਵਾਸ਼ ਨੂੰ ਬਹਾਲ ਕਰਨ ਵਿਚ, ਕੌਮੀ ਮੁੱਖ ਧਾਰਾ ਤੋਂ ਉਨ੍ਹਾਂ ਦੀ ਬੇਗਾਨਗੀ ਨੂੰ ਖਤਮ ਕਰਨ, ਭਾਰਤੀ ਰਾਜ ਤੇ ਸਰਕਾਰ ਦੀਆਂ ਮੌਜੂਦਾ ਸਿੱਖ ਵਿਰੋਧੀ ਕਾਰ-ਗੁਜ਼ਾਰੀਆਂ ਦੇ ਸਿੱਟੇ ਵਜੋਂ ਉਨ੍ਹਾਂ ਦੀ ਜ਼ਖਮੀ ਹੋ ਚੁੱਕੀ ਮਾਨਸਕਤਾ ਨੂੰ ਸ਼ਾਂਤ ਕਰਨ ਲਈ ਬਹੁਤ ਹੱਦ ਤੱਕ ਕਾਰਗਰ ਹੈ ਤੇ ਹੋ ਸਕਦਾ ਹੈ। ਤੀਸਰਾ, ਇਹ ਖਾਲਿਸਤਾਨ ਦੇ ਫਿਰਕੂ ਨਾਹਰੇ ਨੂੰ ਰੱਦ ਕਰਦਾ ਹੈ, ਜਿਹੜਾ ਕਿ ਧਰਮ ਦੇ ਆਧਾਰ ਉੱਤੇ ਲੋਕਾਂ ਨੂੰ ਪਾੜਦਾ ਹੈ। ਅਜਿਹਾ ਨਾਹਰਾ ਜੇਕਰ ਹਕੀਕਤ ਬਣ ਵੀ ਜਾਵੇ ਤਾਂ ਇਸਦੀ ਕੋਈ ਆਰਥਿਕ ਜਾਂ ਰਾਜਨੀਤਕ ਸਮਰੱਥਾ ਨਹੀਂ ਹੋ ਸਕਦੀ ਅਤੇ ਇਸ ਤਰ੍ਹਾਂ ਇਹ ਮਹਾਂ ਸ਼ਕਤੀਆਂ ਦੀ ਖਿੱਚ ਧੂਹ ਲਈ ਸ਼ਿਕਾਰਗਾਹ ਵਿਚ ਹੀ ਬਦਲ ਸਕਦਾ ਹੈ। ਚੌਥਾ, ਇਹ ਧਾਰਮਿਕ ਘੱਟ ਗਿਣਤੀਆਂ ਅੰਦਰ ਇਹ ਨਿਸ਼ਚਾ ਬਹਾਲ ਕਰਦਾ ਹੈ ਕਿ ਜਨਤਕ ਹਮਾਇਤ ਪ੍ਰਾਪਤ ਕਰਨ ਰਾਹੀਂ ਉਨ੍ਹਾਂ ਦੇ ਗਿਲੇ ਸ਼ਿਕਵੇ ਦੂਰ ਹੋ ਸਕਦੇ ਹਨ। ਪੰਜਵਾਂ, ਭਾਰਤ ਅੰਦਰ ਸਿੱਖ ਬਹੁਗਿਣਤੀ ਵਾਲੇ ਪ੍ਰਦੇਸ ਨੂੰ ਉਸੇ ਤਰ੍ਹਾਂ ਹੀ ਲਿਆ ਜਾਵੇ ਜਿਵੇਂ ਮੁਸਲਿਮ ਬਹੁ-ਗਿਣਤੀ ਵਾਲੇ ਰਾਜ (ਜੰਮੂ-ਕਸ਼ਮੀਰ) ਦੇ ਮਾਮਲੇ ਵਿਚ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ। ਛੇਵਾਂ, ਇਹ ਜਵਾਹਰ ਲਾਲ ਨਹਿਰੂ ਦੀ ਭੁੱਲੀ ਵਿਸਰੀ ਪ੍ਰਤਿਗਿਆ ਕਿ "ਪੰਜਾਬ ਦੇ ਸਿੱਖ ਵਿਸ਼ੇਸ਼ ਧਿਆਨ ਦਿੱਤੇ ਜਾਣ ਦੇ ਹੱਕਦਾਰ ਹਨ। ਮੈਨੂੰ ਇਹ ਗੱਲ ਗਲਤ ਨਹੀਂ ਜਾਪਦੀ ਕਿ ਦੇਸ਼ ਦੇ ਉੱਤਰ ਵਿਚ ਇਕ ਅਜਿਹਾ ਇਲਾਕਾ ਤੇ ਇਕ ਸੰਵਿਧਾਨਕ ਢਾਂਚਾ ਦਿੱਤਾ ਜਾਵੇ ਜਿਸ ਅੰਦਰ ਸਿੱਖ ਅਜ਼ਾਦੀ ਦੀ ਸ਼ਾਨ ਦਾ ਅਨੰਦ ਮਾਣ ਸਕਣ" (ਸਟੇਟਸਮੈਨ, ਕਲਕੱਤਾ, 7 ਜੁਲਾਈ 1946)। ਸੱਤਵਾਂ, ਇਹ ਸਿੱਖ ਭਾਈਚਾਰੇ ਦੇ ਗਿਲੇ ਸ਼ਿਕਵੇ ਦੂਰ ਕਰਕੇ ਭਾਰਤ ਦੀ ਏਕਤਾ ਤੇ ਅਖੰਡਤਾ ਨੂੰ ਮਜ਼ਬੂਤ ਕਰਦਾ ਹੈ। ਅਠਵਾਂ, ਇਹ ਦੇਸ਼ਾਂ ਤੇ ਇਲਾਕਿਆਂ ਦੀ ਆਪਸੀ ਨਿਰਭਰਤਾ ਦੇ ਕੌਮਾਂਤਰੀ ਰੁਝਾਨ ਨਾਲ ਮੇਲ ਖਾਂਦਾ ਹੈ।

### ਉਪਰੋਕਤ ਸੁਝਾ ਕੇਂਦਰੀ ਸਰਕਾਰ ਪੇਸ਼ ਕਰੇ-ਕਿਉਂ

(1) ਇਹ ਇਸ ਲਈ ਜ਼ਰੂਰੀ ਹੈ ਕਿਉਂਕਿ, ਪਹਿਲਾ, ਅੱਜ ਇਹ ਕੇਂਦਰੀ ਸਰਕਾਰ ਹੈ ਜੋ ਭਾਰਤ ਦਾ ਪ੍ਰਸ਼ਾਸਨ ਚਲਾ ਰਹੀ ਹੈ। ਦੂਸਰਾ, ਭਾਰਤੀ ਰਾਜ ਦੇ ਨਿਯਮਾਂ ਵਿਚ ਤਬਦੀਲੀ ਕਰਨ ਜਾਂ ਉਨ੍ਹਾਂ ਨੂੰ ਮੁੜ ਡੌਲਣ

ਦੀ ਕਾਨੂੰਨੀ ਹੈਸੀਅਤ ਵੀ ਕੇਂਦਰ ਦੇ ਪਾਸ ਹੀ ਹੈ।

(2) ਇਹ ਇਸ ਲਈ ਜ਼ਰੂਰੀ ਹੈ ਕਿਉਂਕਿ ਅੱਜ ਕੇਂਦਰ ਉਤੇ ਕਾਂਗਰਸ ਪਾਰਟੀ ਦੀ ਹਕੂਮਤ ਹੈ ਜਿਸਦਾ ਸੰਬਧ 1947 ਤੋਂ ਲੈ ਕੇ ਭਾਰਤੀ ਕੇਂਦਰੀ ਸ਼ਾਸ਼ਨ ਨਾਲ ਤਕਰੀਬਨ ਹੀ ਜੁੜਿਆ ਰਿਹਾ ਹੈ। ਹੇਠਾਂ ਕੁਝ ਨੁਕਤੇ ਨੋਟ ਕੀਤੇ ਜਾਂਦੇ ਹਨ ਜੋ ਉਪਰੋਕਤ ਸੂਝ ਦੀ ਵਜ਼ਾਹਤ ਕਰਦੇ ਹਨ। ਇਸ ਦੇ ਨਾਲ ਹੀ ਇਹ ਨੁਕਤੇ ਭਾਰਤੀ ਰਾਜ ਦੀ ਧਰਮ ਨਿਰਪੱਖਤਾ ਉੱਤੇ ਪ੍ਰਸ਼ਨ ਚਿੰਨ੍ਹ ਵੀ ਹਨ ਜਿਨ੍ਹਾਂ ਉਤੇ ਗ਼ੌਰ ਤੇ ਫ਼ਿਕਰ ਕਰਨਾ ਕੇਂਦਰੀ ਸਰਕਾਰ (ਖ਼ਾਸ ਕਰਕੇ ਕਾਂਗਰਸ ਪਾਰਟੀ) ਲਈ ਇਕ ਪਹਿਲ ਤੇ ਇਕ ਜ਼ਿੰਮੇਵਾਰੀ ਨਿਸਚਿਤ ਹੋ ਜਾਂਦੀ ਹੈ : (1) ਜਿਥੋਂ ਤੱਕ ਭਾਰਤੀ ਕੌਮੀ ਰਾਜ ਦੇ ਚਰਿਤਰ ਦਾ ਸਬੰਧ ਹੈ, ਇਸ ਨੇ ਆਪਣੀ ਕੌਮੀ ਸੇਧ (ਸਿਧਾਂਤਕ ਅਗਵਾਈ) ਗਾਂਧੀਵਾਦ ਤੋਂ ਲਈ। ਮਹਾਤਮਾ ਗਾਂਧੀ ਨੇ ਖੁਦ ਹੀ ਕਿਹਾ ਹੈ ਕਿ ਧਰਮ ਤੇ ਰਾਜਨੀਤੀ ਅਟੁੱਟ ਹਨ ਅਤੇ ਉਹ (ਗਾਂਧੀ) ਪਹਿਲਾਂ ਹਿੰਦੂ ਹੈ ਅਤੇ ਫਿਰ ਭਾਰਤੀ। ਇਸ ਤਰ੍ਹਾਂ ਕਿਸੇ ਆਦਮੀ ਦੀ ਪਹਿਲੀ ਪਹਿਚਾਣ ਉਸਦਾ ਧਰਮ ਅਤੇ ਦੂਸਰੀ, ਉਸਦੀ ਕੌਮ। ਏਸੇ ਆਧਾਰ ਉੱਤੇ ਹੀ ਇਸ ਨਾਹਰੇ—ਹਿੰਦੂ, ਮੁਸਲਿਮ, ਸਿੱਖ, ਈਸਾਈ, ਆਪਸ ਮੇਂ ਸਭ ਭਾਈ ਭਾਈ—ਰਾਹੀਂ ਧਾਰਮਿਕ ਪਹਿਚਾਣਾਂ ਦੀ ਏਕਤਾ ਦੇ ਰੂਪ ਵਿਚ ਪ੍ਰਭਾਸ਼ਿਤ ਕੀਤਾ। ਇਹ ਸਿਧਾਂਤ, ਮੁਸਲਿਮ ਘੱਟ ਗਿਣਤੀ ਨੂੰ ਕਾਂਗਰਸ ਵਿਚ ਖਿੱਚਣ 'ਚ ਅਸਮਰਥ ਰਿਹਾ ਸਗੋਂ ਧਾਰਮਿਕ ਪਹਿਚਾਣਾਂ ਦੀ ਪ੍ਰਾਥਮਿਕਤਾ ਪੱਕੀ ਕਰਨ ਦਾ ਕਾਰਨ ਬਣਿਆ ਜਿਸਦਾ ਨਤੀਜਾ ਅਤੇ ਸੰਯੁਕਤ ਭਾਰਤ ਦੇ ਦੋ ਦੇਸ਼ਾਂ—ਹਿੰਦੁਸਤਾਨ ਤੇ ਪਾਕਿਸਤਾਨ—ਦੇ ਬਣਨ ਵਿਚ ਨਿਕਲਿਆ। ਇਸ ਫਿਰਕੂ ਸਿਧਾਂਤ ਨੂੰ 1957 ਦੇ ਫ਼ਿਰਕੂ ਦੰਗਿਆਂ ਦੁਰਾਨ ਪਹਿਲੀ ਨੈਤਿਕ ਹਾਰ ਹੋਈ। ਭਾਵੇਂ 1947 ਤੋਂ ਬਾਅਦ ਦੇ ਕਾਲ ਦੁਰਾਨ ਫ਼ਿਰਕੂ ਪ੍ਰਤੀਨਿਧਤਾ ਦੇ ਅਸੂਲ ਨੂੰ ਮਨਸੂਖ ਕਰ ਦਿੱਤਾ ਗਿਆ ਪਰ ਮਹਾਤਮਾਂ ਗਾਂਧੀ ਦੇ ਕੌਮਵਾਦੀ ਸਿਧਾਂਤ (ਬਹੁਗਿਣਤੀ ਫ਼ਿਰਕੇ ਦੀ ਅਗਵਾਈ ਵਾਲੀ ਧਾਰਮਿਕ ਪਹਿਚਾਣਾਂ ਦੀ ਏਕਤਾ ਰਾਹੀਂ ਭਾਰਤੀ ਕੌਮ ਦੀ ਉਸਾਰੀ ਕਰਨਾ) ਕਿਰਿਆਸ਼ੀਲ ਰਿਹਾ। ਇਸਦਾ ਸਿੱਟਾ 1980ਵਿਆਂ ਵਿਚ ਧਾਰਮਿਕ ਘੱਟ ਗਿਣਤੀਆਂ ਤੇ ਦਲਿਤ ਲੋਕਾਂ ਦੀ ਬੇਗਾਨਗੀ ਅਤੇ ਸਮੁੱਚੇ ਭਾਰਤ ਵਿਚ ਵਿਸਫੋਟਕ ਫਿਰਕੂ ਸਥਿਤੀ ਪੈਦਾ ਹੋਣ ਵਿਚ ਨਿਕਲਿਆ। ਇਹ ਗਾਂਧੀਵਾਦੀ ਸਿਧਾਂਤ ਦੀ ਇਕ ਹੋਰ ਹਾਰ ਹੈ। ਇਸ ਤੋਂ ਬਾਅਦ 1984 ਦੇ ਸਿੱਖ ਵਿਰੋਧੀ ਦੰਗੇ ਤੇ ਮੌਜੂਦਾ ਹਿੰਦੂ-ਸਿੱਖ ਫਿਰਕੂ ਤਣਾਉ ਇਸਦੀ ਹਾਰ ਦੀ ਇਕ ਹੋਰ ਮਿਸਾਲ ਹੈ।

ਇਸ ਤੋਂ ਇਹ ਵੇਖਿਆ ਜਾ ਸਕਦਾ ਹੈ ਕਿ 1947 ਤੋਂ ਪਿੱਛੋਂ ਦੇ ਭਾਰਤੀ ਰਾਜ ਦੇ ਦੋ ਮੁੱਖ ਲੱਛਣ—ਅਰਥਾਤ, ਸਾਂਝੇ ਭਾਰਤ ਦੀ ਫਿਰਕੂ ਵੰਡ ਸਮੇਂ ਇਸਦੀ ਗਾਂਧੀਵਾਦੀ ਸੇਧ ਅਤੇ ਇਸਦੀ ਇਤਿਹਾਸਕ ਬੁਨਿਆਦ—ਇਸ ਨੂੰ ਹਿੰਦੂ ਮੂਲਵਾਦ ਪੱਖੀ ਬਣਾਉਂਦੇ ਹਨ। ਹਿੰਦੂ ਮੂਲਵਾਦ ਪੱਖੀ ਇਹ ਪੱਖਪਾਤ ਜੋ ਘੱਟ ਗਿਣਤੀ ਫ਼ਿਰਕਿਆਂ ਦੀਆਂ ਵਿਸ਼ੇਸ਼ ਖਾਸੀਅਤਾਂ ਦੀ ਤੁਲਨਾ ਵਿਚ, ਬਹੁ-ਗਿਣਤੀ ਫ਼ਿਰਕੇ ਦੀ ਵਿਸ਼ੇਸ਼ ਖਾਸੀਅਤ ਦੀ ਸੇਵਾ ਕਰਦਾ ਹੈ ਤੇ ਇਸਦੀ ਗਵਾਹੀ ਭਾਰਤੀ ਸੰਵਿਧਾਨ ਵੀ ਦਿੰਦਾ ਹੈ।

(3) ਇਹ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਮੌਜੂਦਾ ਭਾਰਤੀ ਸੰਵਿਧਾਨ ਸਿਰਜਣ ਸਮੇਂ ਕੇਂਦਰ ਭਾਵ ਕਾਂਗਰਸ ਪਾਰਟੀ, ਹੀ ਮੁੱਖ ਤੌਰ ਤੇ ਸੰਵਿਧਾਨ ਦੀ ਸੂਤਰ-ਧਾਰ ਸੀ ਜੋ ਗਾਂਧੀਵਾਦ ਤੋਂ ਪ੍ਰੇਰਨਾ ਲੈਂਦੀ ਹੈ। ਸੰਵਿਧਾਨ ਬੋਲਦਾ ਹੈ।

ਪਹਿਲਾ, ਬੁੱਧ ਮੱਤ, ਜੈਨ ਮੱਤ, ਸਿੱਖ ਮੱਤ ਨੂੰ ਹਿੰਦੂ ਧਰਮ ਦੇ ਅੰਗ ਵਜੋਂ ਕਾਨੂੰਨ ਬੱਧ ਕਰਦਾ ਹੈ (ਧਾਰਾ 25ਵੀਂ) ਜਦੋਂ ਕਿ ਇਨ੍ਹਾਂ ਮੱਤਾਂ ਦੀ ਸੋਚ ਵਿਚ ਢੇਰ ਅੰਤਰ ਹੈ। ਦੂਜਾ, ਸੰਸਕ੍ਰਿਤ (ਜਿਸਦਾ ਸਮਾਚਾਰ ਬੁਲਿਟਨ ਹਰ ਰੋਜ਼ ਆਲ ਇੰਡੀਆ ਰੇਡੀਓ ਤੋਂ ਪ੍ਰਸਾਰਤ ਕੀਤਾ ਜਾਂਦਾ ਹੈ) ਨੂੰ ਭਾਰਤ ਦੀਆਂ ਕੌਮੀ ਭਾਸ਼ਾਵਾਂ ਵਿਚੋਂ ਇਕ ਕੌਮੀ ਭਾਸ਼ਾ ਵਜੋਂ ਦਰਜ ਕਰਦਾ ਹੈ; ਇਹ ਇਕ ਅਜਿਹੀ ਭਾਸ਼ਾ ਹੈ ਜੋ ਭਾਰਤ ਅੰਦਰ ਕਿਸੇ ਵੀ ਸਮੂਹ ਵੱਲੋਂ ਨਹੀਂ ਬੋਲੀ ਜਾਂਦੀ, ਸਿਰਫ਼ ਕੁਝ ਵਿਦਿਅਕ ਸੰਸਥਾਵਾਂ ਤੱਕ ਹੀ ਸੀਮਤ ਹੈ; ਹਿੰਦੂ ਰਵਾਇਤਾਂ ਅਨੁਸਾਰ ਇਹ ਇਕ ਦੈਵੀ ਭਾਸ਼ਾ ਸਮਝੀ ਜਾਂਦੀ ਹੈ। ਪ੍ਰਾਚੀਨ ਭਾਰਤ ਵਿਚ ਇਕ ਸਾਹਿਤਕ ਤੇ ਅਦਾਲਤੀ ਭਾਸ਼ਾ ਹੋਣ ਦੇ ਆਧਾਰ ਉੱਤੇ, ਸੰਸਕ੍ਰਿਤ ਭਾਸ਼ਾ ਨੂੰ ਕਾਨੂੰਨੀ ਰੂਪ ਦੇਣ ਦੀ ਦਲੀਲ ਸਪਸ਼ਟ ਰੂਪ ਵਿਚ ਪੱਖਪਾਤੀ ਲੱਗਦੀ ਹੈ ਜਦੋਂ ਕਿ ਫਾਰਸੀ ਮੱਧਕਾਲ ਵਿਚ ਅਤੇ ਅਪਭਰਮਸਾ ਅਸ਼ੋਕ ਦੀ ਹਕੂਮਤ ਸਮੇਂ ਕਰਮ-ਵਾਰ ਸਾਹਿਤਕ ਤੇ ਅਦਾਲਤੀ ਭਾਸ਼ਾਵਾਂ ਰਹੀਆਂ ਹਨ ਇਨ੍ਹਾਂ ਨੂੰ ਕਿਸੇ ਗਿਣਤੀ ਵਿਚ ਨਹੀਂ ਰੱਖਿਆ ਗਿਆ। ਤੀਸਰਾ, ਦੇਸ਼ ਦਾ ਨਾਂ—ਇੰਡੀਆ ਅਰਥਾਤ ਭਾਰਤ—ਕਾਨੂੰਨ ਬੱਧ ਕਰਨਾ, ਜਦੋਂ ਕਿ ਇੰਡੀਆ ਇਲਾਕੇ ਨੂੰ ਜ਼ਾਹਰ ਕਰਦਾ ਹੈ ਅਤੇ ਭਾਰਤ ਇਕ ਵਿਅਕਤੀ ਨੂੰ, ਜੋ 'ਭਾਰਤ ਮਾਤਾ' ਦੀ ਹਿੰਦੂ ਧਾਰਨਾ ਵਿਚੋਂ ਲਿਆ ਗਿਆ ਹੈ। ਚੌਥਾ, ਇਹ ਕੌਮੀ ਨਿਸ਼ਾਨ ਦੇ ਹੇਠ ਵਾਕਅੰਸ਼ "ਸੱਤਿਆ ਮੇਵ ਜੈਯਤੇ" ਨੂੰ ਕਾਨੂੰਨੀ ਰੂਪ ਦਿੰਦਾ ਹੈ—ਇਹ ਵਾਕ ਅੰਸ਼ ਉਪਨਿਸ਼ਦ 'ਚੋਂ ਨੋਟ ਕੀਤਾ ਗਿਆ ਹੈ। ਪੰਜਵਾਂ, ਇਹ ਹਿੰਦੀ ਨੂੰ ਇਕੋ ਇਕ ਸਰਕਾਰੀ ਭਾਸ਼ਾ ਵਜੋਂ ਜੋ ਕਾਨੂੰਨਬੱਧ ਕਰਦਾ ਹੈ, ਜਿਸਦੀ ਦੇਵਨਾਗਰੀ ਲਿੱਪੀ ਹਿੰਦੂ ਮਿਥਿਹਾਸ ਅਨੁਸਾਰ ਦੇਵਤਿਆਂ ਦੀ ਲਿੱਪੀ ਹੈ; ਅਤੇ ਇਹ ਦੇਸ਼ ਦੀ ਕੁੱਲ ਵਸੋਂ ਦੇ 33 ਪ੍ਰਤੀਸ਼ਤ

ਹਿੱਸੇ ਵੱਲੋਂ ਬੋਲੀ ਜਾਂਦੀ ਹੈ। ਛੇਵਾਂ, ਇਹ ਅਸ਼ੋਕ ਚੱਕਰ ਨੂੰ ਕੌਮੀ ਝੰਡੇ ਉੱਤੇ ਇਕ ਨਿਸ਼ਾਨ ਵਜੋਂ ਅਤੇ ਅਸ਼ੋਕ ਦੇ ਸ਼ੇਰਾਂ ਦੇ ਸ਼ਿਲਾਲੇਖ ਨੂੰ ਕੌਮੀ ਨਿਸ਼ਾਨ ਉੱਤੇ ਇਕ ਚਿੰਨ੍ਹ ਵਜੋਂ ਮਾਨਤਾ ਦਿੰਦਾ ਹੈ ਕਿਉਂਕਿ ਇਸਦੇ ਅਨੁਸਾਰ ਬੁੱਧ ਮੱਤ ਹਿੰਦੂ ਮੱਤ ਦਾ ਇਕ ਅੰਗ ਬਣਦਾ ਹੈ। ਸੱਤਵਾ, ਇਹ 'ਜਨ-ਗਨ-ਮਨ' ਨੂੰ ਕੌਮੀ ਤਰਾਨੇ ਵਜੋਂ ਅਤੇ 'ਬੰਦੇ ਮਾਤਰਮ' ਨੂੰ ਕੌਮੀ ਗੀਤ ਵਜੋਂ ਕਾਨੂੰਨੀ ਮਾਨਤਾ ਦਿੰਦਾ ਹੈ, ਪਹਿਲੀ ਧਾਰਨਾ, ਬਰਤਾਨਵੀ ਤਾਜ ਤੇ, "ਭਾਰਤ ਭਾਗਯ ਵਿਧਾਤਾ" ਦੀ ਰਵਾਇਤੀ ਹਿੰਦੂ ਧਾਰਨਾ ਨਾਲ ਜੁੜੀ ਹੋਈ ਹੈ, ਜਦੋਂ ਕਿ ਦੂਸਰੀ ਮਿਥਿਹਾਸਕ ਨਾਲ ਸਬੰਧ ਰੱਖਦੀ ਹੈ।

(4) ਇਹ ਇਸ ਕਰਕੇ ਵੀ ਜ਼ਰੂਰੀ ਹੈ, ਕਿਉਂ ਕਿ, 1947 ਤੋਂ ਲੈ ਕੇ ਕੇਂਦਰ ਵਿਚ ਆਈ ਹਰ ਸਰਕਾਰ (ਚਾਹੇ ਇਹ ਨਹਿਰੂ, ਇੰਦਰਾ, ਡਿਸਾਈ ਤੇ ਰਾਜੀਵ) ਨੇ ਘੱਟ ਗਿਣਤੀਆਂ ਨਾਲ ਵਿਤਕਰੇ ਨੂੰ ਜਾਰੀ ਰੱਖਿਆ ਤੇ ਬਹੁਗਿਣਤੀ ਫਿਰਕੇ ਨੂੰ ਖੁਸ਼ ਕਰਨ ਦੀ ਨੀਤੀ ਹੀ ਅਪਣਾਈ ਹੈ। ਇਸ ਦੀ ਇਸ ਝੁਕਾ ਦੀ ਪੁਸ਼ਟੀ ਲਈ ਵਿਦਿਅਕ ਸੰਸਥਾਵਾਂ ਵਿਚ ਪੜਾਈਆਂ ਜਾਂਦੀਆਂ ਇਤਿਹਾਸਕ ਕਿਤਾਬਾਂ ਨੂੰ ਦੇਖਿਆ ਜਾ ਸਕਦਾ ਹੈ, ਜਿਨ੍ਹਾਂ ਵਿਚ ਵੈਦਿਕ ਕਾਲ ਬਾਰੇ ਪ੍ਰਗਟਾਇਆ ਜਾਂਦਾ ਹੈ ਕਿ ਬੀਤੇ ਜਾਂ ਵਰਤਮਾਨ ਵਿਚ ਇਸਦਾ ਕੋਈ ਸਾਨੀ ਨਹੀਂ ਅਰਥਾਤ ਭਾਰਤੀ ਸੱਭਿਅਤਾ ਦੇ ਸਿਖਰ ਵਜੋਂ ਦਰਸਾਇਆ ਜਾਂਦਾ ਹੈ। ਜਦੋਂ ਕਿ ਪੂਰਬ-ਆਰੀਆ ਕਾਲ ਜਾਂ ਪੂਰਵ-ਵੈਦਿਕ ਕਾਲਾਂ (ਭਾਵ ਅਜਿਹੇ ਕਾਲ ਜੋ ਦਰਾਵੜੀਅਨ, ਇੰਡੋ ਤਿਬਤੀਅਨ ਤੇ ਆਸਟਰੋਲੋਇਡ ਸਭਿਅਤਾ ਨੂੰ ਦਰਸਾਉਂਦੇ ਹਨ) ਨੂੰ ਵਹਿਸ਼ੀਆਨਾ ਕਾਲਾਂ ਵਜੋਂ ਦੱਸਿਆ ਜਾਂਦਾ ਹੈ ਅਤੇ ਆਰੀਆ ਦੌਰ ਤੋਂ ਪਿਛੋਂ ਦੀ ਸਭਿਅਤਾ (ਇਸਲਾਮੀ ਸਭਿਅਤਾ) ਨੂੰ ਭਾਰਤੀ ਇਤਿਹਾਸ ਵਿਚ ਇਕ ਕਾਲੇ ਧੱਬੇ ਵਜੋਂ ਦਰਸਾਇਆ ਜਾਂਦਾ ਹੈ।

ਅਖ਼ੀਰ ਵਿਚ—ਕੇਂਦਰੀ ਸਰਕਾਰ, ਵਿਰੋਧ ਪੱਖ ਦੀਆਂ ਪਾਰਟੀਆਂ, ਜਮਹੂਰੀ ਸ਼ਕਤੀਆਂ, ਜਮਹੂਰੀ ਬੁੱਧੀ-ਜੀਵੀਆਂ ਅਤੇ ਲੋਕਾਂ ਸਾਹਮਣੇ ਕਿਤਾਬ ਖੁਲ੍ਹੀ ਪਈ ਹੈ—ਜਿਸ ਉੱਤੇ ਸਭ ਲਈ ਪ੍ਰਸ਼ਨ ਚਿੰਨ ਹਨ—ਪ੍ਰਸ਼ਨ ਚਿੰਨ—ਆਪਣੇ ਮੱਥੇ ਤੋਂ ਲਹੂ ਪੂੰਝਦਾ ਪੰਜਾਬ ??? ○

---

## ਦਲਿਤ ਸਾਹਿਤ ਬਾਰੇ ਇਕ ਟਿਪਣੀ—

'ਜੁਲਾਈ' ਸਮਤਾ 'ਚ ਐਸ. ਐਲ. ਵਿਰਦੀ ਦਾ 'ਦਲਿਤ ਸਾਹਿਤ—ਇਕ ਦ੍ਰਿਸ਼ਟੀਕੋਣ' ਪੜ੍ਹਿਆ। ਲੇਖਕ ਦਲਿਤਾਂ ਪ੍ਰਤੀ ਹਮਦਰਦੀ ਝਲਕਦੀ ਹੈ ਪਰ ਸ਼ੁਰੂ 'ਚ ਹੀ ਲੇਖਕ ਦਾ ਇਹ ਕਹਿਣਾ 'ਇਹ ਦਲਿਤਾਂ ਦਾ, ਦਲਿਤਾਂ ਦੁਆਰਾ, ਦਲਿਤਾਂ ਦੀ ਭਾਸ਼ਾ 'ਚ ਲਿਖਿਆ ਸਾਹਿਤ ਹੈ' ਸਿਧ ਕਰਦਾ ਹੈ ਕਿ ਲੇਖਕ ਅਜੇ ਭੁਲੇਖੇ ਵਿਚ ਹੈ। ਜਰੂਰੀ ਨਹੀਂ ਹੈ ਕਿ ਦਲਿਤਾਂ ਬਾਰੇ ਸਿਰਫ ਉਹੀ ਲਿਖੇ ਜੋ ਖੁਦ ਦਲਿਤ ਹੋਵੇ। ਦੂਸਰੇ ਵੀ ਲਿਖ ਸਕਦੇ ਹਨ, ਲਿਖਿਆ ਵੀ ਹੈ ਅਤੇ ਲਿਖ ਵੀ ਰਹੇ ਹਨ। ਤੇ ਫਿਰ ਮੁਖ ਗੱਲ ਕਿ 'ਦਲਿਤ ਸਾਹਿਤ' ਸ਼ਬਦ ਹੀ ਆਪਣੇ ਆਪ 'ਚ ਗਲਤ, ਅਪੂਰਵ ਹੈ। ਇਹ ਤਾਂ ਇੰਝ ਹੈ ਜਿਵੇਂ ਕੋਈ ਕਹੇ ਸਾਹਿਤ ਨੂੰ ਏਕੇ ਹਿੱਸਿਆਂ 'ਚ ਵੰਡਿਆ ਜਾ ਸਕਦਾ ਹੈ—ਬ੍ਰਾਹਮਣ ਸਾਹਿਤ, ਜੱਟ ਸਾਹਿਤ, ਦਲਿਤ ਸਾਹਿਤ, ਉਚ ਵਰਗ ਸਾਹਿਤ। ਅਸਲ 'ਚ ਦਲਿਤਾਂ ਬਾਰੇ ਲਿਖੇ ਨੂੰ ਦਲਿਤ ਸਾਹਿਤ ਕਹਿਣ ਵਾਲਿਆਂ ਦੀ ਸੋਚ ਦੀ ਇਹ ਸਾਜ਼ਿਸ਼ ਹੈ... ਕਿ ਬਈ ਇਹ ਤਾਂ ਦਲਿਤਾਂ ਦਾ ਹੈ, ਭਿੱਟਿਆ ਹੋਇਆ ਹੈ।

ਦੂਸਰਾ ਲੇਖਕ ਜਿਸ ਵਿਦਰੋਹ-ਕ੍ਰਾਂਤੀ ਦਾ ਜ਼ਿਕਰ ਕਰਦਾ ਹੈ ਉਸ ਬਾਰੇ ਵੀ ਸਪਸ਼ਟ ਨਹੀਂ ਹੈ। ਵਿਦਰੋਹ ਤਾਂ ਬਾਬੂ ਕਾਂਸ਼ੀ ਰਾਮ ਦੀ ਅਗਵਾਈ ਵਾਲੀ ਬਹੁਜਨ ਸਮਾਜ ਪਾਰਟੀ ਜਾਂ ਡੀ. ਐਸ. ਵਾਲੇ ਵੀ ਕਰ ਰਹੇ ਹਨ। ਉਹ ਅਖਬਾਰਾਂ ਵੀ ਕੱਢਦੇ ਹਨ, ਸਾਹਿਤ ਵੀ ਲਿਖਦੇ ਹਨ ਪਰ ਕੀ ਅਸੀਂ ਉਸਨੂੰ ਕ੍ਰਾਂਤੀਕਾਰੀ ਸਾਹਿਤ ਕਹਿ ਸਕਦੇ ਹਾਂ ? ਮੇਰਾ ਖ਼ਿਆਲ ਹੈ ਨਹੀਂ ਕਿਉਂਕਿ ਅਜਿਹੇ ਵਿਦਰੋਹੀ (?) ਸਾਹਿਤ ਵਿਚ ਉਚੀ ਜਾਤ ਵਾਲਿਆਂ ਲਈ ਨਫ਼ਰਤ ਹੈ—ਸਗੋਂ ਘੋਰ ਨਫ਼ਰਤ। ਬਿਲਕੁਲ ਓਸੇ ਤਰ੍ਹਾਂ ਦੀ ਜਿਵੇਂ ਕਥਿਤ ਉਚੀ ਜਾਤੀ ਵਾਲਿਆਂ ਦੇ ਸੰਸਕਾਰਾਂ 'ਚ ਨੀਵੀਂ ਜਾਤੀ ਵਾਲਿਆਂ ਲਈ ਹੁੰਦੀ ਹੈ। ਹੁਣ ਜਦ ਕਿ ਸਾਰੇ ਦਲਿਤ ਅਸਲ 'ਚ 'ਦਲਿਤ' ਨਹੀਂ ਹਨ ਤੇ ਸਾਰੇ ਉਚ ਜਾਤੀ ਵਾਲੇ 'ਉਚੇ' ਨਹੀਂ ਤਾਂ ਸਾਨੂੰ ਇਸ ਕ੍ਰਾਂਤੀ ਬਾਰੇ ਸਪਸ਼ਟ ਹੋਣਾ ਚਾਹੀਦਾ ਹੈ ਕਿ ਕੀ ਇਹ ਕ੍ਰਾਂਤੀ ਦਲਿਤਾਂ ਦੀ 'ਉਚਿਆਂ' ਦੇ ਵਿਰੁਧ ਬਗਾਵਤ ਹੋਏਗੀ ? ਜਾਂ ਆਰਥਿਕਤਾ ਤੇ ਅਧਾਰਿਤ ਨਿਮਨ ਵਰਗ ਦਾ ਉਚ ਵਰਗ ਖਿਲਾਫ਼ ਵਿਦਰੋਹ ? ਕੀ ਇਹ ਕ੍ਰਾਂਤੀ ਬਹੁਜਨ ਸਮਾਜ ਪਾਰਟੀ ਵਾਲੀ 'ਚੱਕ ਲਓ ਧਰ ਲਓ' ਹੋਏਗੀ ਜਾਂ ਮਾਰਕਸਵਾਦੀ ਫਲਸਫੇ ਆਧਿਰਤ ਸਮਾਜਿਕ ਤਬਦੀਲੀ ?

ਅਸਲ 'ਚ ਦਲਿਤਾਂ ਨੂੰ ਲੇਖਕਾਂ ਦੇ ਤਰਸ ਦੀ ਨਹੀਂ ਸਗੋਂ ਸਾਥ ਦੀ ਲੋੜ ਹੈ ਤੇ ਲੇਖਕ ਜ਼ਰੂਰੀ ਨਹੀਂ ਕਿ ਖੁਦ ਦਲਿਤ ਹੋਣ ਹਾਂ ਉਹ ਜਾਗਰੂਕ ਜਰੂਰ ਹੋਣ। ਤੇ ਮੁਖ ਗੱਲ ਕਿ ਅਜਿਹੇ ਸਾਹਿਤ ਪਿਛੇ ਇਕ ਸੱਚੀ ਸੁੱਚੀ ਵਿਚਾਰਧਾਰਾ ਦੀ ਲੋੜ ਹੈ ਨਾ ਕਿ ਅੰਨ੍ਹੀ ਸ਼ਰਧਾ ਜਾਂ ਭੇਡ ਚਾਲ ਦੀ।

ਸਰਵਮੀਤ

## ਪਰੰਪਰਾ ਦੇ ਸੰਦਰਭ ਵਿਚ ਇਕ ਟਿਪਣੀ

—ਸੁਖਦੀਪ ਮੋਗਾ

ਸਾਥੀ ਜੈਮਲ ਸਿੰਘ ਪੱਡਾ ਦੀ ਕਾਵਿ ਪੁਸਤਕ "ਲੋਕ ਪੀੜਾਂ" ਦਾ ਮੁਲ-ਅੰਕਣ ਕਰਦਿਆਂ ਡਾ: ਤੇਜਵੰਤ ਮਾਨ ਨੇ ਸਮਤਾ ਦੇ ਜੁਲਾਈ ਅੰਕ ਵਿਚ ਲਿਖਿਆ ਹੈ ਕਿ ਜੈਮਲ ਪੱਡੇ ਨੇ "ਸਰੋਤਿਆਂ ਨੂੰ ਕੀਲ ਲੈਣ ਦੀ ਕਾਹਲ ਵਿੱਚ ਕੁੱਝ ਇਤਿਹਾਸਕ ਵਰਤਾਰਿਆਂ ਤੇ ਸ਼ਖਸੀਅਤਾਂ ਦਾ ਸਹਾਰਾ ਲਿਆ (ਖ਼ਾਸ ਕਰਕੇ ਸਿੱਖ ਇਤਿਹਾਸ ਤੇ ਸ਼ਖ਼ਸੀਅਤਾਂ) ਅਤੇ ਉਨ੍ਹਾਂ ਨੂੰ ਵਰਤਮਾਨ ਸਿਆਸੀ ਸੰਘਰਸ਼ ਨਾਲ ਸੁਮੇਲਣ ਦੀ ਕੋਸ਼ਿਸ਼ ਕੀਤੀ ਹੈ। ਪਰ ਜੈਮਲ ਪੱਡਾ ਇਸ ਕਾਰਜ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਕਾਰਨ ਮੇਰੀ ਸਮਝ ਅਨੁਸਾਰ ਸਾਡੀ ਪਰੰਪਰਾ ਦੇ ਅਧਿਆਤਮਵਾਦੀ ਦਰਸ਼ਨ ਦੇ ਉਸਾਰ ਵਿਚੋਂ ਲੱਭਿਆ ਜਾ ਸਕਦਾ ਹੈ। ਭਾਰਤੀ ਇਤਿਹਾਸ ਦੇ ਅਧਿਆਤਮਵਾਦੀ ਦਰਸ਼ਨ ਦੇ ਅਨੁਸਾਰ ਪੈਦਾ ਹੋਏ ਉਸਾਰ ਦਾ ਹੀ ਦੁਖਾਂਤ ਹੈ ਕਿ ਜਿਨ੍ਹਾਂ ਚਿੰਨ੍ਹ ਸ਼ਖਸੀਅਤਾਂ ਨੂੰ ਉਹ ਕਵਿਤਾ ਵਿਚ ਆਦਰ ਸ਼ਿਉਦਾ ਰਿਹਾ ਉਨ੍ਹਾਂ ਦੇ ਪਰੰਪਰਕ ਪੈਰੋਕਾਰੀ ਅਧਿ-ਆਤਮਕ ਉਸਾਰ ਦਾ ਹੀ ਜੈਮਲ ਪੱਡਾ ਸ਼ਿਕਾਰ ਹੋ ਗਿਆ। ਸਾਡੇ ਕਵੀਆਂ ਨੂੰ ਸੁਚੇਤ ਰੂਪ 'ਚ ਅਜਿਹੇ ਪ੍ਰੰਪਰਕ ਅਧਿਆਤਮਕ ਉਸਾਰ ਚਿੰਨ੍ਹਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਭਾਵੇਂ ਉਹ ਲੋਕਾਂ ਨੂੰ ਕੀਲ ਲੈਣ ਲਈ ਕਿੰਨੇ ਵੀ ਸਹਾਈ ਕਿਉਂ ਨਾ ਹੋਣ"।

ਜਦੋਂ ਨਕਸਲੀ ਲਹਿਰ ਸਟੇਟ ਦੇ ਖ਼ਿਲਾਫ਼ ਸੇਧਤ ਸੀ ਤਾਂ ਇਸਦੇ ਆਗੂਆਂ ਤੇ ਸਾਹਿਤਕਾਰਾਂ ਨੇ "ਲੋਕਾਂ ਨੂੰ ਕੀਲਣ ਲਈ" ਸਿੱਖ ਲਹਿਰ ਦੇ ਚਿੰਨ੍ਹਾਂ ਦੀ ਰੱਜ ਕੇ ਵਰਤੋਂ ਕੀਤੀ। ਕਾਮਰੇਡ ਹਾਕਮ ਸਿੰਘ ਸਮਾਂਓ, ਕਾਮਰੇਡ ਅਜਮੇਰ ਸਿੰਘ (ਪੈਗਾਮ ਗਰੁੱਪ); ਗੁਰਸ਼ਰਨ ਸਿੰਘ, ਪਾਸ਼, ਖਟਕੜ, ਵਰਿਆਮ ਸੰਧੂ ਤੇ ਸੰਤ ਰਾਮ ਉਦਾਸੀ ਇਸ ਦੀਆਂ ਉਘੜਵੀਆਂ ਤੇ ਸਫ਼ਲ ਮਿਸਾਲਾਂ ਹਨ। ਇਹਨਾਂ ਆਗੂਆਂ ਨੇ ਅਜਿਹਾ ਕਿਉਂ ਕੀਤਾ? ਕਿਉਂਕਿ ਉਹ ਅਚੇਤ ਜਾਂ ਸੁਚੇਤ ਰੂਪ ਵਿਚ ਇਹ ਸਮਝਦੇ ਸਨ ਕਿ "ਸਿੱਖ ਲਹਿਰ" ਸਾਡਾ ਇਨਕਲਾਬੀ ਵਿਰਸਾ ਹੈ ਅਤੇ ਇਸ ਇਨਕਲਾਬੀ ਵਿਰਸੇ ਨਾਲੋਂ ਟੁੱਟਕੇ ਇਨਕਲਾਬੀ ਲੋਕ ਲਹਿਰ ਉਸਾਰਨ ਦੀ ਗੱਲ ਕਰਨੀ ਮਹਿਜ਼ ਹਵਾ ਵਿਚ ਤਲਵਾਰਾਂ ਮਾਰਨਾਂ ਹੈ। ਉਸ ਸਮੇਂ ਇਨਕਲਾਬੀ ਵਿਰਸੇ ਦੀ ਵਰਤੋਂ ਕਰਨ ਜਾਂ ਨਾ ਕਰਨ ਦਾ ਸਵਾਲ ਕੋਈ ਅਕਾਦਮਿਕ ਸਵਾਲ ਨਹੀਂ ਸੀ ਸਗੋਂ ਅਮਲੀ ਸਿਆਸਤ ਦਾ ਅਜਿਹਾ ਭਖਵਾਂ ਸਵਾਲ ਸੀ ਜਿਸ ਬਾਰੇ ਦਰੁਸਤ ਪੁਜ਼ੀਸ਼ਨ ਲੈ ਕੇ ਦਰੁਸਤ ਅਮਲ ਕਰਨ ਤੋਂ ਬਿਨਾਂ ਲਹਿਰ ਨੇ ਘੁੱਟ ਕੇ ਹਾਰ ਜਾਣਾ ਸੀ। ਇਨਕ-ਲਾਬੀ ਵਿਰਸੇ ਦਾ ਸਵਾਲ ਇਨਕਲਾਬੀ ਲਹਿਰ ਲਈ ਜ਼ਿੰਦਗੀ ਮੌਤ ਦਾ ਸਵਾਲ ਸੀ। ਨਕਸਲੀ ਆਗੂਆਂ ਵੱਲੋਂ ਇਨਕਲਾਬੀ ਵਿਰਸੇ ਪ੍ਰਤੀ ਅਪਣਾਈ ਦਰੁਸਤ ਪਹੁੰਚ ਨੇ ਕਾਲਜਾਂ ਤੇ ਯੂਨੀਵਰਸਿਟੀਆਂ (ਜੋ ਲਹਿਰ ਦੇ ਗੜ੍ਹ ਸਨ) ਵਿਚ ਅਜਿਹੀ ਹਾਲਤ ਪੈਦਾ ਕਰ ਦਿੱਤੀ ਸੀ ਕਿ ਕਿਸੇ ਨੂੰ "ਗਿਆਨੀ" ਜਾਂ "ਜਥੇਦਾਰ" ਕਹਿਕੇ ਬੁਲਾਉਣਾ ਭੱਦੀ ਟਿੱਚਰ ਕਰਨ ਦੇ ਬਰਾਬਰ ਹੋ ਗਿਆ ਸ਼ੀ। ਉਸ ਸਮੇਂ ਪੰਜਾਬ ਅੰਦਰ Fundamentalism ਦਾ ਕਿਤੇ ਨਾ ਨਿਸ਼ਾਨ ਵੀ ਨਹੀਂ ਸੀ। ਬਾਅਦ ਵਿਚ ਨਕਸਲੀ ਲਹਿਰ ਨੂੰ ਮਿਲੀ ਪਛਾੜ ਦਾ ਕਾਰਨ ਨਕਸਲੀ ਆਗੂਆਂ ਵੱਲੋਂ ਇਨਕਲਾਬੀ ਵਿਰਸੇ ਦੀ ਕੀਤੀ ਗਈ ਵਰਤੋਂ ਨਹੀਂ ਸੀ ਸਗੋਂ ਨੁਕਸਦਾਰ ਸਿਆਸੀ ਲੀਹ ਸੀ। (ਨਕਸਲੀ ਆਗੂਆਂ ਦੀ ਨੁਕਸਦਾਰ ਸਿਆਸੀ ਲੀਹ ਬਾਰੇ ਕੁੱਝ ਨੁਕਤੇ ਹਰਜੀਤ ਹੁਰਾਂ ਨੇ ਜੂਨ ਅੰਕ ਵਿਚ ਉਭਾਰੇ ਹਨ) ਤੱਥ ਤਾਂ ਇਹ ਹੈ ਕਿ ਲਹਿਰ ਦੇ ਉਹੋ ਹਿੱਸੇ ਹੀ ਇਨਕਲਾਬੀ ਲੀਹ ਤੋਂ ਥਿੜਕੇ ਹਨ ਜੋ ਕਦੀ ਵਿਰਸੇ ਨਾਲ ਜੁੜੇ ਹੀ ਨਹੀਂ ਸਨ (ਨਾਗੀ ਰੈਡੀ ਗਰੁੱਪ) ਜਾਂ ਬਾਅਦ ਵਿਚ ਅਗਿਆਨਤਾ ਵੱਸ ਗਲਤ ਸਲਾਹ ਮੰਨ ਕੇ ਇਸ ਤੋਂ ਕਿਨਾਰਾ ਕਰ ਗਏ ਸਨ (ਪੂਲਾ ਰੈਡੀ ਗਰੁੱਪ)।

ਨਕਸਲੀ ਆਗੂਆਂ ਦੀ ਇਨਕਲਾਬੀ ਵਿਰਸੇ ਪ੍ਰਤੀ ਵਿਗਿਆਨਕ ਪਹੁੰਚ ਬਾਰੇ ਡਾ: ਮਾਨ ਤੋਂ ਪਹਿਲਾਂ ਵੀ ਕੁੱਝ ਵਿਅਕਤੀਆਂ ਵੱਲੋਂ ਸਵਾਲ ਉਠਾਏ ਜਾਂਦੇ ਰਹੇ ਹਨ। 1977 ਵਿਚ ਜਸਵੰਤ ਕੰਵਲ ਦੇ ਨਾਵਲ "ਲਹੂ ਦੀ ਲੋਅ" 'ਤੇ ਮਾਨਸਾ ਵਿਖੇ ਹੋਈ ਕੌਮ ਵਿਆਪੀ ਗੋਸ਼ਟੀ ਸਮੇਂ ਵੀ ਕੁੱਝ ਸੱਜਣਾਂ ਨੇ ਅਜਿਹੇ ਨੁਕਤੇ ਉਭਾਰਨ ਦੀ ਕੋਸ਼ਿਸ਼ ਕੀਤੀ ਸੀ। ਉਹਨਾਂ ਦਾ ਕਹਿਣਾ ਸੀ ਕਿ ਨਕਸਲੀ ਸ਼ਹੀਦਾਂ ਵੱਲੋਂ ਵਰਤੇ ਗਏ "ਸਿੱਖ ਇਤਿਹਾਸ ਦੇ ਚਿੰਨ੍ਹ ਗੈਰ ਮਾਰਕਸੀ ਹਨ'। ਸਾਥੀ ਗੁਰਸ਼ਰਨ ਸਿੰਘ ਨੇ ਇਹਨਾਂ ਨੁਕਤਿਆਂ ਦਾ ਭਰਵੀਆਂ ਤੇ ਬਹੁਤ ਹੀ ਜਚਵੀਆਂ ਦਲੀਲਾਂ ਨਾਲ ਜਵਾਬ ਦਿੱਤਾ ਸੀ। ਡਾਕਟਰ ਤੇਜਵੰਤ ਮਾਨ ਦੇ ਜਵਾਬ ਵਿਚ ਅਸੀਂ ਇਹਨਾਂ ਦਰੁਸਤ ਤੇ ਚੋਭਦਾਰ ਲਹਿਜੇ 'ਚ ਕਹਿਆਂ ਦਲੀਲਾਂ ਨੂੰ ਹੀ ਇਕ ਵਾਰ ਫਿਰ ਦੁਹਰਾਉਣਾ ਚਾਹੁੰਦੇ ਹਾਂ। ਸਾਥੀ ਗੁਰਸ਼ਰਨ ਸਿੰਘ ਨੇ ਕਿਹਾ ਸੀ, "ਸਿੱਖੀ ਸਾਡਾ ਇਨਕਲਾਬੀ ਵਿਰਸਾ ਹੈ। ਇਸ ਵੱਲੋਂ ਮੂੰਹ ਮੋੜਨਾ ਇਨਕਲਾਬ ਤੋਂ ਮੂੰਹ ਮੋੜਨਾ ਹੈ। ਸੰਸਾਰ ਵਿਚ ਸਾਰੇ ਇਨਕਲਾਬੀਆਂ ਤੇ ਇਨਕਲਾਬੀ ਲਹਿਰਾਂ ਨੇ ਅੱਗੇ ਵਧਣ ਲਈ ਹਮੇਸ਼ਾਂ ਹੀ ਆਪਣੇ ਇਨਕਲਾਬੀ ਵਿਰਸੇ ਨੂੰ ਵਰਤਿਆ ਹੈ। ਗੁਰੂ ਗੋਬਿੰਦ ਸਿੰਘ ਤੋਂ ਬਿਨ੍ਹਾਂ ਲੈਨਿਨ ਦੀਆਂ ਟੂਕਾਂ ਨੂੰ ਰੱਟੇ

ਲਾਈ ਜਾਣਾ ਇਕ ਸ਼ੁਗਲ ਤੋਂ ਬਿਨ੍ਹਾਂ ਹੋਰ ਕੁੱਝ ਨਹੀਂ। ਇਨਕਲਾਬ ਦੀ ਲੜਾਈ ਆਪਣੀ ਧਰਤੀ ਅਨੁਸਾਰ ਹੀ ਹੋਣੀ ਚਾਹੀਦੀ ਹੈ। ਕੋਈ ਬਾਹਰਲਾ ਇਨਕਲਾਬ ਸਾਡੇ ਲਈ ਮਾਡਲ ਨਹੀਂ ਬਣ ਸਕਦਾ।"

(ਮਾਨਸਾ ਸਮਾਗਮ ਦੀ ਰਿਪੋਰਟ, ਸੇਧ ਜੁਲਾਈ 1977)

ਗੁਰਸ਼ਰਨ ਸਿੰਘ ਵਲੋਂ ਇਥੇ ਕਹੀ ਗਈ ਹਰ ਗੱਲ ਲੱਖ ਲੱਖ ਰੁਪਏ ਦੀ ਹੈ।

ਪੰਜਾਬ ਅੰਦਰ ਖਾਲਸਤਾਨੀ ਲਹਿਰ ਦਾ ਉਭਾਰ ਅਤੇ ਸਿੱਟੇ ਵਜੋਂ ਸਾਡੇ ਕੁੱਝ ਸਾਥੀਆਂ ਦੇ ਕਤਲਾਂ ਦਾ ਕਾਰਨ ਇਹ ਨਹੀਂ ਹੈ ਕਿ ਅਸਾਂ ਸਿੱਖ ਲਹਿਰ ਬਾਰੇ ਸੱਚ ਜਾਣਿਆਂ ਅਤੇ ਸੱਚ ਪਰਚਾਰਿਆ ਹੈ। ਇਸ ਦਾ ਕਾਰਨ ਇਹ ਹੈ ਕਿ ਅਸੀਂ ਪੰਜਾਬ ਦੀਆਂ ਬਾਹਰਮੁਖੀ ਹਕੀਕਤਾਂ ਨੂੰ ਦਰਸਤ ਰੂਪ ਵਿਚ ਪਛਾਨਣ ਤੇ ਉਹਨਾਂ ਦੀ ਗਤੀ ਦੇ ਕਦਮਾਂ ਨਾਲ ਕਦਮ ਮਿਲਾਕੇ ਚੱਲਣ ਵਿਚ ਅਸਫਲ ਰਹੇ ਹਾਂ। ਸਮਾਜਕ ਵਿਕਾਸ ਦੀ ਧੁੱਸ ਸਾਨੂੰ ਪਾਸੇ ਧੱਕਕੇ ਅਗਾਂਹ ਤੁਰਦੀ ਬਣੀ। ਸੋ ਅੱਜ ਸਾਡੇ ਸਾਹਮਣੇ ਸਵਾਲ ਇਨਕਲਾਬੀ ਵਿਰਸੇ ਬਾਰੇ ਇਨਕਲਾਬੀ ਪਹੁੰਚ ਦਾ ਤਿਆਗ ਕਰਨਾ ਨਹੀਂ ਜਿਵੇਂ ਡਾਕਟਰ ਮਾਨ ਕਹਿੰਦੇ ਹਨ ਸਗੋਂ ਪੰਜਾਬ ਦੀਆਂ ਸਮਾਜੀ ਤੇ ਸਿਆਸੀ ਹਕੀਕਤਾਂ ਦੇ ਹਾਣ ਦੀ ਨਵੀਂ ਸਿਆਸੀ ਲੀਹ ਘੜਕੇ ਜ਼ੋਰ ਨਾਲ ਸਿਆਸੀ ਖੇਤਰ ਅੰਦਰ ਕੁੱਦਣ ਦਾ ਹੈ। ਸਿਰਫ ਅਜਿਹਾ ਕਰਕੇ ਹੀ ਅਸੀਂ ਖਾਲਸਤਾਨੀ ਲਹਿਰ ਨੂੰ ਪਛਾੜ ਸਕਦੇ ਹਾਂ ਅਤੇ ਇਨਕਲਾਬੀ ਲਹਿਰ ਨੂੰ ਮੁੜ ਸਟੇਜ 'ਤੇ ਲਿਆ ਸਕਦੇ ਹਾਂ। ਸਮਤਾ ਵਿਚ ਚੱਲ ਰਹੀ ਬਹਿਸ ਤੋਂ ਇਸ ਗੱਲ ਦੀ ਆਸ ਬੱਝਦੀ ਹੈ ਕਿ ਹੁਣ ਉਹ ਸੁਭਾਗਾ ਦਿਨ ਦੂਰ ਨਹੀਂ ਜਦੋਂ ਅਸੀਂ ਆਪਣੇ ਇਸ ਮਿਸ਼ਨ ਵਿਚ ਕਾਮਯਾਬ ਹੋ ਜਾਵਾਂਗੇ।

ਡਾਕਟਰ ਮਾਨ ਦੀ ਇਹ ਗੱਲ ਵੀ ਠੀਕ ਨਹੀਂ ਹੈ ਕਿ ਸਾਨੂੰ ਸਾਡੇ ਇਨਕਲਾਬੀ ਵਿਰਸੇ ਨੂੰ ਵਰਤਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਇਸ ਦਾ ਅਰਥ ਹੋਵੇਗਾ ਆਪਣੇ ਬਜ਼ੁਰਗਾਂ ਦੇ ਕੀਮਤੀ ਖਜ਼ਾਨੇ ਨੂੰ ਖਾਲਸਤਾਨੀਆਂ ਲਈ ਖੁੱਲ੍ਹਾ ਛੱਡ ਦੇਣਾ ਤਾਂ ਕਿ ਉਹ ਜਿਵੇਂ ਚਾਹੁਣ ਇਸ ਦਾ ਉਜਾੜਾ ਕਰ ਸਕਣ। ਅਜਿਹਾ ਕਰਨਾ ਭਾਰੀ ਗ਼ਲਤੀ ਹੋਵੇਗੀ। ਇਨਕਲਾਬੀ ਵਿਰਸੇ ਦਾ ਅਸਲ ਮਾਲਕ ਕੌਣ ਹੈ? ਇਸ ਨੁਕਤੇ 'ਤੇ ਸਾਡਾ ਖ਼ਾਲਸਤਾਨੀਆਂ ਨਾਲ ਤਿੱਖਾ ਭੇੜ ਚੱਲਣਾ ਹੈ। ਡਾਕਟਰ ਮਾਨ ਦੀ ਸਲਾਹ ਦਾ ਅਰਥ ਬਿਨਾਂ ਲੜਾਈ ਤੋਂ ਹਾਰ ਦਾ ਐਲਾਨ ਕਰਨਾ ਹੋਵੇਗਾ। ਕਮਿਊਨਿਸਟ ਇਨਕਲਾਬੀ ਕਦੀ ਵੀ ਅਜਿਹਾ ਨਹੀਂ ਕਰਨ ਲੱਗੇ। ਉਹਨਾਂ ਨੇ ਨਕਸਲਬਾੜੀ ਲਹਿਰ ਦੀ ਚੜ੍ਹਤ ਸਮੇਂ ਪੰਜਾਬੀ ਲੋਕਾਂ ਨੂੰ ਚੰਗੀ ਤਰ੍ਹਾਂ ਦਿਖਾ ਦਿੱਤਾ ਸੀ ਕਿ ਪੰਜਾਬੀ ਵਿਰਸੇ ਦੇ ਇਨਕਲਾਬੀ ਤੱਤ ਦੇ ਉਹ ਹੀ ਅਸਲੀ ਵਾਰਸ ਹਨ ਅਤੇ ਹੁਣ ਵੀ ਦਰੁਸਤ ਸਿਆਸੀ ਵਿਚਾਰਧਾਰਕ ਲੀਹ ਘੜਕੇ ਅਤੇ ਉਸ ਅਨੁਸਾਰੀ ਅਮਲ ਕਰਕੇ ਇਕ ਵਾਰ ਫਿਰ ਅਜਿਹਾ ਹੀ ਕਰਿਸ਼ਮਾ ਕਰ ਵਿਖਾਉਣਗੇ।

ਹੁਣ ਅਸੀਂ ਇਨਕਲਾਬੀ ਵਿਰਸੇ ਬਾਰੇ ਸਾਥੀ ਜੈਮਲ ਪੱਡੇ ਦਾ ਠੋਸ ਕੇਸ ਵਿਚਾਰਦੇ ਹਾਂ। ਜੇ ਜੈਮਲ ਪੱਡਾ "ਇਤਿਹਾਸਕ ਵਰਤਾਰਿਆਂ ਤੇ ਸ਼ਖ਼ਸੀਅਤਾਂ ਦਾ... ਵਰਤਮਾਨ ਸਮਾਜਕ ਸੰਘਰਸ਼ ਨਾਲ ਸੁਮੇਲ...ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਨਹੀਂ ਹੋ ਸਕਿਆ" ਤਾਂ ਇਸਦੇ ਕਾਰਨ ਉਹ ਨਹੀਂ ਹਨ ਜੋ ਡਾਕਟਰ ਮਾਨ ਦੱਸਦੇ ਹਨ (ਡਾ. ਮਾਨ ਵੱਲੋਂ ਦੱਸੇ ਗਏ ਕਾਰਨਾਂ ਨੂੰ ਅਸੀਂ ਮੁੱਢ ਵਿਚ ਦੇ ਆਏ ਹਾਂ) ਜੈਮਲ ਪੱਡੇ ਦੀ ਅਸਫ਼ਲਤਾ ਦੇ ਕਾਰਨਾਂ ਨੂੰ ਦਰਸ਼ਨ ਖਟਕੜ ਨੇ ਦਰੁਸਤ ਬੁੱਝਿਆ ਹੈ। ਖਟਕੜ ਮੁਤਾਬਕ, "ਉਸ ਵਿਚ ਪ੍ਰਚਾਰਕ ਅੰਸ਼ ਵਧੇਰੇ ਹੋਣ ਕਾਰਨ ਕਲਾਤਮਕ ਨਿਭਾਅ ਦੀ ਘਾਟ ਹੈ। ਉਹ ਆਪਣੀ ਕਵਿਤਾ ਵਿਚ ਕਲਾਤਮਕ ਆਰੰਭ ਕਰਕੇ ਵੀ ਇਕ ਪਤਲੀ ਪ੍ਰਚਾਰਕ ਸਮਾਪਤੀ ਵਿਚ ਜਾ ਡਿੱਗਦਾ ਹੈ"। ਕਲਾਤਮਕ ਨਿਭਾਅ ਦੀ ਘਾਟ ਕਾਰਨ ਹੀ ਜੈਮਲ ਪੱਡੇ ਦੀਆਂ ਬਹੁਤੀਆਂ ਕਵਿਤਾਵਾਂ ਸਿਆਸੀ ਬਿਆਨ ਜਾਂ ਅਮੂਰਤ ਸਿਆਸੀ ਭਾਸ਼ਨ ਬਣਕੇ ਰਹਿ ਗਈਆਂ ਹਨ। ਜੇ ਅਸੀਂ ਇਸ ਹਕੀਕਤ ਨੂੰ ਸਵੀਕਾਰ ਨਹੀਂ ਕਰਾਂਗੇ ਅਤੇ ਨਵੇਂ ਕਰਾਂਤੀਕਾਰੀ ਕਵੀਆਂ ਸਾਹਮਣੇ ਜੈਮਲ ਪੱਡੇ ਦੀ ਕਵਿਤਾ ਨੂੰ ਆਦਰਸ਼ ਕਵਿਤਾ ਬਣਾਕੇ ਪੇਸ਼ ਕਰਾਂਗੇ ਤਾਂ ਇਕ ਭਾਰੀ ਗ਼ਲਤੀ ਕਰ ਰਹੇ ਹੋਵਾਂਗੇ। ਜਿਸਦਾ ਸਿੱਟਾ ਨਵੀਂ ਰਚੀ ਜਾਣ ਵਾਲੀ ਕ੍ਰਾਂਤੀਕਾਰੀ ਕਵਿਤਾ ਨੂੰ ਕਾਫ਼ੀ ਨੀਵੇਂ ਪੱਧਰ 'ਤੇ ਸੁੱਟ ਦੇਣ 'ਚ ਨਿਕਲੇਗਾ। ਕਵਿਤਾ ਵਿਚ ਸਾਡਾ ਆਦਰਸ਼ ਜੈਮਲ ਪੱਡਾ ਨਹੀਂ ਲਾਲ ਸਿੰਘ ਦਿਲ, ਪਾਸ਼ ਤੇ ਸੁਰਜੀਤ ਪਾਤਰ ਹੀ ਬਣ ਸਕਦੇ ਹਨ।

ਜੈਮਲ ਪੱਡੇ ਦੀ ਕਵਿਤਾ ਦੇ ਸਬੰਧ ਵਿਚ ਡਾਕਟਰ ਮਾਨ ਨੇ ਪ੍ਰਸਿੱਧ ਰੂਸੀ ਇਨਕਲਾਬੀ ਕਵੀ ਮਾਇਆ-ਕੋਵਸਕੀ ਦਾ ਨਾਂਅ ਲਿਆ ਹੈ। ਡਾਕਟਰ ਮਾਨ ਮੁਤਾਬਕ ਪੱਡੇ ਨੇ ਮਾਇਆਕੋਵਸਕੀ ਵਾਂਗ "ਲੋਕਾਂ ਸਾਹਮਣੇ ਆਪਣੀ ਕਵਿਤਾ ਦੇ ਪਾਠ" ਨੂੰ ਆਪਣੀ ਕਵਿਤਾ ਦੇ ਬੁਨਿਆਦੀ ਅਸੂਲਾਂ ਵਿਚੋਂ ਇਕ ਅਸੂਲ ਸਮਝਿਆ। ਡਾਕਟਰ ਮਾਨ ਦੀ ਗੱਲ ਠੀਕ ਹੈ। ਪਰ ਮਾਇਆ-ਕੋਵਸਕੀ ਤਾਂ ਹੋਰ ਵੀ ਬਹੁਤ ਕੁਝ ਕਹਿੰਦਾ ਹੁੰਦਾ ਸੀ। ਮਾਇਆਕੋਵਸਕੀ ਅਨੁਸਾਰ "ਜੇ ਕੋਈ ਬੰਦਾ ਇਹ ਨਹੀਂ ਜਾਣਦਾ ਕਿ ਲਫ਼ਜ਼ਾਂ 'ਤੇ ਹੁਕਮ ਕਿਵੇਂ ਚਲਾਉਣਾ ਹੈ...ਸਗੋਂ ਦੂਜਿਆਂ ਦੀਆਂ ਆਖੀਆਂ ਹੋਈਆਂ ਗੱਲਾਂ ਨੂੰ ਹੀ ਦੁਹਰਾਉਂਦਾ ਹੈ ਤਾਂ ਉਹ ਇਕ ਐਸੇ ਸੰਚਾਲਕ ਵਾਂਗ

ਹੈ ਜਿਹੜਾ ਆਰਕੈਸਟਰਾ ਵਿਚ ਆਉਂਦਾ ਹੈ ਜਿਸਨੇ ਖ਼ੂਬ ਰੀਹਰਸਲ ਕੀਤੀ ਹੁੰਦੀ ਹੈ ਅਤੇ ਸੰਗੀਤਕਾਰਾਂ ਵੱਲੋਂ ਇਕ ਵਿਸ਼ੇਸ਼ ਧੁਨ ਵਜਾਉਣ ਤੋਂ ਪਿੱਛੋਂ ਆਪਣੀ ਛੜੀ ਹਿਲਾਉਂਦਾ ਹੈ ਤੇ ਸਰੋਤੇ ਇਹ ਸਮਝਦੇ ਹਨ ਕਿ ਉਹ ਸੰਚਾਲਨ ਕਰ ਰਿਹਾ ਹੈ। ਅਜਿਹੀ ਸਥਿਤੀ ਉਸ ਸਥਿਤੀ ਵਰਗੀ ਹੁੰਦੀ ਹੈ ਜਿਸ ਵਿਚ ਇਕ ਵਿਅਕਤੀ ਇਹ ਸਮਝਦਾ ਹੈ ਕਿ ਉਹ ਨਵੀਆਂ ਕਵਿਤਾਵਾਂ ਲਿਖ ਰਿਹਾ ਹੈ ਜਦ ਕਿ ਵਾਸਤਵ ਵਿਚ ਵਿਚ ਉਸ ਕੋਲ ਪੁਰਾਣੇ ਸ਼ਬਦ ਤੇ ਪੁਰਾਣੇ ਖ਼ਿਆਲ ਹੀ ਹੁੰਦੇ ਹਨ।" ਮਾਇਆਕੋਵਸਕੀ ਨੂੰ "ਰੂਪਾਤਮਕ ਨਿਪੁੰਨਸਕਤਾ ਤੋਂ ਸਦਾ ਹੀ ਖਿੱਝ ਆਉਂਦੀ ਸੀ ਅਤੇ ਉਹ ਕਹਿੰਦਾ ਸੀ ਕਿ ਬੰਦੇ ਨੂੰ ਉਕਾ ਹੀ ਨਵੇਂ ਢੰਗ ਵਿਚ ਲਿਖਣਾ ਚਾਹੀਦਾ ਹੈ। ਮੇਰਾ ਖਿਆਲ ਹੈ ਕਿ ਮਾਇਆਕੋਵਸਕੀ ਵੱਲੋਂ ਆਪਣੇ ਸਮੇਂ ਦੇ ਕੁੱਝ ਇਨਕਲਾਬੀ ਕਵੀਆਂ ਦੀ ਕੀਤੀ ਗਈ ਅਜਿਹੀ ਆਲੋਚਨਾ ਜੈਮਲ ਪੱਡੇ ਦੀ ਕਵਿਤਾ 'ਤੇ ਵੀ ਢੁੱਕਦੀ ਹੈ। ਮੇਰਾ ਇਹ ਵੀ ਖਿਆਲ ਹੈ ਕਿ ਡਾਕਟਰ ਮਾਨ ਮੇਰੇ ਇਸ ਖਿਆਲ ਨਾਲ ਸਹਿਮਤ ਹੋਣਗੇ।

ਅੰਤ ਵਿਚ ਇਕ ਗੱਲ ਸਾਫ਼ ਕਰਨੀ ਮੈਂ ਜ਼ਰੂਰੀ ਸਮਝਦਾ ਹਾਂ। ਜੈਮਲ ਪੱਡੇ ਦੀ ਕਵਿਤਾ ਦੇ ਕਮਜ਼ੋਰ ਪੱਖਾਂ 'ਤੇ ਉਂਗਲ ਧਰਨ ਕਾ ਮਕਸਦ ਉਸਦੀ ਸ਼ਖ਼ਸੀਅਤ ਨੂੰ ਨੀਂਵਾਂ ਦਿਖਾਉਣਾ ਨਹੀਂ। ਉਹ ਜ਼ਿੰਦਗੀ ਭਰ ਇਨਕਲਾਬ ਲਈ ਜੂਝਿਆ (ਭਾਵੇਂ ਕਿ ਉਸਦੀ ਪਾਰਟੀ ਦੀ ਸਿਆਸਤ ਖ਼ਾਸ ਕਰਕੇ ਉਸਦੇ ਅੰਤਮ ਦਿਨਾਂ ਦੀ ਸਿਆਸਤ ਨਾਲ ਕਿਸੇ ਵੀ ਤਰ੍ਹਾਂ ਸਹਿਮਤ ਨਹੀਂ ਹੋਇਆ ਜਾ ਸਕਦਾ) ਪਰ ਇਨਕਲਾਬ ਦਾ ਹਰ ਜੁਝਾਰ ਜ਼ਰੂਰੀ ਨਹੀਂ ਚੰਗਾ ਕਵੀ ਵੀ ਹੋਵੇ। ਡਾਕਟਰ ਤੇਜਵੰਤ ਮਾਨ ਦੇ ਲੇਖ ਦੀ ਭੂਮਿਕਾ ਲਿਖਦਿਆਂ ਗੁਰਸ਼ਰਨ ਸਿੰਘ ਕਹਿੰਦੇ ਹਨ "ਸਮਾਜਕ ਨਿਆਂ ਲੈਣ ਲਈ ਸੰਘਰਸ਼ ਕਰਦੇ ਲੋਕਾਂ ਨਾਲ ਜੁੜੇ ਹੋਏ ਸਾਹਿਤ ਦੇ ਮੁਲੰਕਣ ਲਈ ਸਾਹਿਤਕ ਆਲੋਚਨਾ ਦੀ ਇਕ ਨਵੀਂ ਪ੍ਰਣਾਲੀ ਵਿਕਸਿਤ ਹੋਣੀ ਚਾਹੀਦੀ ਹੈ।" ਇਸੇ ਸਬੰਧ ਵਿਚ ਡਾਕਟਰ ਤੇਜਵੰਤ ਮਾਨ ਲਿਖਦੇ ਹਨ, 'ਕਿਸੇ ਵੀ ਲੋਕ ਕਲਿਆਣਕਾਰੀ ਸਾਹਿਤਕਾਰ ਲਈ ਪ੍ਰਚਾਰਨ ਤੇ ਰਾਜਨੀਤਕ ਹੋਣਾ ਬਹੁਤ ਜ਼ਰੂਰੀ ਹੈ ਕਿਉਂਕਿ ਕੋਈ ਵੀ ਨਵਾਂ ਸਾਹਿਤ ਉੱਨਾ ਚਿਰ ਨਵੀਆਂ ਸੰਭਾਵਨਾਵਾਂ ਪੈਦਾ ਨਹੀਂ ਕਰ ਸਕਦਾ ਜਿੰਨਾ ਚਿਰ ਉਹ ਪ੍ਰਚਾਰ ਕਰਦਾ ਹੋਵੇ : ਵਧੀਆ ਤੇ ਉਸਾਰੂ ਸਾਹਿਤ ਹਮੇਸ਼ਾ ਉਸਾਰੂ ਕਿਸਮ ਦਾ ਪ੍ਰਚਾਰ ਕਰਦਾ ਹੈ ਮੈਂ ਮਹਿਸੂਸ ਕਰਦਾ ਹਾਂ ਕਿ ਪਿਛਲੇ ਕੁੱਝ ਸਾਲਾਂ ਵਿਚ ਮਾਰਕਸਵਾਦੀ ਵਿਚਾਰਧਾਰਾ ਨਾਲ ਸਬੰਧਤ ਹੋਣ ਦਾ ਐਲਾਨ ਕਰਨ ਵਾਲੇ ਕੁੱਝ ਲੇਖਕਾਂ ਵੱਲੋਂ ਉਪਰੋਕਤ ਕਿਸਮ ਦੀ 'ਪ੍ਰਚਾਰ ਤੋਂ ਸੁਤੰਤਰ ਲੇਖਕ' ਦੀ ਭਾਵਨਾ ਦਾ ਨਾਹਰਾ ਲਾਇਆ ਗਿਆ ਹੈ ਜੋ ਕਿ ਨਾ ਕੇਵਲ ਰੱਦਣਯੋਗ ਹੀ ਹੈ ਸਗੋਂ ਉਹਨਾਂ ਦਾ ਇਹੀ ਕਾਰਜ ਮਾਰਕਸਵਾਦ ਵਿਰੋਧੀ ਵੀ ਹੈ।" ਅਸੀਂ ਆਪਣੇ ਵੱਲੋਂ ਮਾਨ ਦੇ ਇਹਨਾਂ ਵਿਚਾਰਾਂ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੇ ਕਿਉਂਕਿ ਇਹਨਾਂ ਵਿਚਲੀਆਂ ਕਈ ਗੱਲਾਂ ਹੋਰ ਵਿਆਖਿਆ ਦੀ ਮੰਗ ਕਰਦੀਆਂ ਹਨ। ਪਰ ਆਪਣੇ ਵੱਲੋਂ ਇਸ ਸਬੰਧ ਵਿੱਚ ਕਾਮਰੇਡ ਏਂਗਲਜ਼ ਦੇ ਕੁੱਝ ਵਿਚਾਰ ਪੇਸ਼ ਕਰਦੇ ਹਾਂ। ਇਹਨਾਂ 'ਤੇ ਡਾਕਟਰ ਸਾਹਿਬ ਦੀ ਟਿੱਪਣੀ ਨਾਲ ਉਹ ਗੱਲਾਂ ਸਪਸ਼ਟ ਹੋ ਜਾਣਗੀਆਂ ਜੋ ਉਹਨਾਂ ਦੀ ਲਿਖਤ ਅੰਦਰ ਅਸਪਸ਼ਟ ਹਨ ਅਤੇ ਇਸ ਤਰ੍ਹਾਂ ਸਿੱਖਣ ਸਿਖਾਉਣ ਦੀ ਭਾਵਨਾ ਨਾਲ ਬਹਿਸ ਨੂੰ ਅੱਗੇ ਤੋਰਨਾ ਬਹੁਤ ਆਸਾਨ ਹੋ ਜਾਵੇਗਾ। ਮਿੰਨਾ ਕਾਊਟਸਕੀ ਦੇ ਨਾਂਅ ਆਪਣੇ ਇਕ ਖ਼ਤ ਵਿਚ ਏਂਗਲਜ਼ ਲਿਖਦੇ ਹਨ :

"ਰੂਸ ਅਤੇ ਨਾਰਵੇ ਦੇ ਲੇਖਕ, ਜਿਹੜੇ ਸ਼ਾਨਦਾਰ ਨਾਵਲਾਂ ਦੀ ਰਚਨਾ ਕਰ ਰਹੇ ਹਨ, ਸਭ ਇਕ ਮਨੋਰਥ ਸਾਹਮਣੇ ਰੱਖਕੇ ਲਿਖਦੇ ਹਨ। ਪਰੰਤੂ ਮੈਂ ਸਮਝਦਾ ਹਾਂ ਕਿ ਸਾਫ਼ ਸਪਸ਼ਟ ਬਿਆਨ ਕੀਤੇ ਜਾਣ ਦੀ ਥਾਂ ਮਨੋਰਥ ਖ਼ੁਦ ਸਥਿਤੀ ਅਤੇ ਕਾਰਜ ਵਿਚੋਂ ਉਭਰਕੇ ਸਾਹਮਣੇ ਆਉਣਾ ਚਾਹੀਦਾ ਹੈ ਅਤੇ ਲੇਖਕ ਨੂੰ ਉਹਨਾਂ ਸਮਾਜਕ ਟੱਕਰਾਂ ਸਬੰਧੀ ਜਿਹਨਾਂ ਦਾ ਉਹ ਵਰਨਣ ਕਰਦਾ ਹੈ ਭਵਿੱਖੀ ਇਤਿਹਾਸਕ ਹੱਲ ਪਰੋਸਕੇ ਪਾਠਕ ਅੱਗੇ ਨਹੀਂ ਰੱਖਣਾ ਚਾਹੀਦਾ।...ਮੇਰੀ ਰਾਇ ਵਿਚ ਸਮਾਜਵਾਦੀ ਸਮੱਸਿਆ ਦਾ ਨਾਵਲ ਆਪਣੇ ਆਸ਼ੇ ਨੂੰ ਭਰਪੂਰ ਰੂਪ ਵਿਚ ਪੂਰਾ ਕਰ ਲੈਂਦਾ ਹੈ ਜੇ ਇਹ ਯਥਾਰਥਕ ਪ੍ਰਸਥਿਤੀਆਂ ਦਾ ਵਫ਼ਾਦਾਰੀ ਨਾਲ ਚਿਤਰਨ ਕਰਕੇ ਉਹਨਾਂ ਨਾਲ ਸਬੰਧਤ ਪ੍ਰਬਲ, ਰਵਾਇਤੀ ਭੁਲੇਖਿਆਂ ਤੋੜ ਦੇਂਦਾ ਹੈ, ਬੁਰਜੂਆ ਜਗਤ ਦੇ ਆਸ਼ਾਵਾਦ ਦੀ ਨੀਂਹ ਹਿਲਾ ਦੇਂਦਾ ਹੈ, ਅਤੇ ਸਬੰਧਤ ਸਮੱਸਿਆ ਦਾ ਆਮ ਸਿੱਧਾ ਹੱਲ ਪੇਸ਼ ਕੀਤੇ ਬਿਨਾਂ, ਜੋ ਕੁੱਝ ਮੌਜੂਦ ਹੈ ਉਸਦੀ ਸਦੀਵੀ ਸਾਰਥਕਤਾ ਬਾਰੇ ਅਟੱਲ ਤੌਰ ਉਤੇ ਸ਼ੰਕਾ ਪੈਦਾ ਕਰ ਦੇਂਦਾ ਹੈ।" ੦

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਗਿਆ ਛਪਾਈ ਚੰਨ ਪ੍ਰਿੰਟਿੰਗ ਪ੍ਰੈਸ, ਗੁਰੂ ਨਾਨਕਪੁਰਾ ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ—ਗੁਰੂ ਖਾਲਸਾ ਨਿਵਾਸ ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਸਾਲਾਨਾ ਚੰਦਾ—15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: ਸਮਤਾ ਦਾ ਟੈਲੀਫੂਨ ਨੰਬਰ 64786

## ਬਹਿਸ ਅਗੇ ਤੁਰਦੀ ਹੈ—

ਖਾਲਿਸਤਾਨੀ ਦਹਿਸ਼ਤਗਰਦੀ ਪ੍ਰਤੀ ਰਵਈਏ ਦਾ ਸੁਆਲ—ਕੌਣ ਕਿਥੇ ਖੜਾ ਹੈ ਜਾਂ ਸਮੁੱਚੇ ਪੰਜਾਬ ਮਸਲੇ ਬਾਰੇ ਬਹਿਸ ਵਿਚ ਬਹੁਤ ਸਾਰੀਆਂ ਚਿੱਠੀਆਂ ਆਈਆਂ ਹਨ। ਸਾਰਿਆਂ ਦੇ ਪੱਖ ਨੂੰ ਪਾਠਕਾਂ ਸਾਹਮਣੇ ਲਿਆਉਣ ਲਈ ਅਸੀਂ ਇਹਨਾਂ ਚਿੱਠੀਆਂ ਨੂੰ ਆਪਣੇ ਵਲੋਂ ਸੰਖੇਪ ਕਰਕੇ ਦੇ ਰਹੇ ਹਾਂ। ਇਹ ਸੰਖੇਪ ਕਰਦਿਆਂ ਜੇਕਰ ਕਿਸੇ ਲੇਖਕ ਦਾ ਬੁਨਿਆਦੀ ਨੁਕਤਾ ਸਪੱਸ਼ਟ ਹੋਣ ਤੋਂ ਰਹਿ ਜਾਏ ਤਾਂ ਉਹ ਚਿੱਠੀ ਲਿਖਕੇ ਸਾਡਾ ਧਿਆਨ ਉਸ ਵੱਲ ਦਿਵਾ ਸਕੇਗਾ ਤੇ ਉਹ ਅਗਲੇ ਅੰਕ ਵਿਚ ਛਾਪ ਦਿਤਾ ਜਾਵੇਗਾ। ਇਹ ਬੇਨਤੀ ਹੈ ਕਿ ਅਗੇ ਤੋਂ ਚਿੱਠੀਆਂ ਸੰਖੇਪ ਤੋਂ ਸੰਖੇਪ ਕਰਕੇ ਲਿਖੀਆਂ ਜਾਣ।/ਸੰਪਾਦਕ

### 1. ਸਾਥੀ ਜੱਸੀ ਦੇ ਜੁਆਬ ਵਿਚ

**ਗੁਰਸ਼ਰਨ ਸਿੰਘ**

ਮੈਂ ਆਪਣੀ ਇਕ ਟਿਪਣੀ ਵਿਚ ਲਿਖਿਆ ਸੀ ਕਿ ਮੌਜੂਦਾ ਹਾਲਤਾਂ ਵਿਚ ਕਮਿਊਨਿਸਟ ਇਨਕਲਾਬੀ (ਵਿਸ਼ੇਸ਼ ਕਰਕੇ ਸਾਥੀ ਜੱਸੀ ਦੀ ਸੋਚ ਵਾਲੇ) ਦੇਸ਼ ਦੇ ਸਿਆਸੀ ਵਰਤਾਰੇ ਵਿਚ ਕੋਈ ਥਾਂ ਨਹੀਂ ਰਖਦੇ ਤਾਂ ਸਾਥੀ ਜੱਸੀ ਕਹਿੰਦੇ ਹਨ ਕਿ ਇਸ ਕੱਥਨ ਦਾ ਸਬੂਤ ਹੋਵੇ। ਸਾਹਮਣੇ ਮੇਜ਼ ਪਈ ਹੋਵੇ ਤੇ ਪੁਛਿਆ ਜਾਏ ਕਿ ਸਬੂਤ ਦੇਵੋ ਕਿ ਇਹ ਮੇਜ਼ ਹੈ ਤਾਂ ਇਹ ਪੁਛਣ ਵਾਲੇ ਦੀ ਬੇਤੁੱਕੀ ਹੋਵੇਗੀ। ਸਾਹਮਣੇ ਜੋ ਕੁਝ ਦਿਸਦਾ ਪਿਆ ਹੈ, ਉਹਦਾ ਸਬੂਤ ਕੋਈ ਕੀ ਦੇਵੇ? ਕਦੀ ਅੰਕੜੇ ਇਕੱਠੇ ਕੀਤੇ ਜਾਣ ਤਾਂ ਇਹ ਅਸਰ 0. 00001 ਫ਼ੀ ਸਦੀ ਹੀ ਹੋਵੇਗਾ। ਜੇ ਇਸ ਤੋਂ ਵੱਧ ਹੈ ਤਾਂ ਸਾਥੀ ਜੱਸੀ ਹੋਰੀਂ ਇਸਦਾ ਸਬੂਤ ਦੇਣ ਭਾਵੇਂ ਮੈਂ ਜਾਨਣਾ ਹਾਂ ਕਿ ਇਹ ਸਬੂਤ ਮੰਗਣਾ ਵੀ ਬੇਤੁੱਕੀ ਗੱਲ ਹੋਵੇਗਾ। ਜਦੋਂ ਤੁਹਾਡਾ ਅਸਰ 80 ਕ੍ਰੋੜ ਦੀ ਆਬਾਦੀ ਵਿਚ ਸਿਰਫ ਹਜ਼ਾਰਾਂ ਤਕ ਹੀ ਸੀਮਤ ਹੋਵੇ ਤੇ ਫੇਰ ਵੀ ਤੁਸੀਂ ਇਹ ਦਾਅਵਾ ਕਰੋ ਕਿ ਸਿਧਾਂਤਕ ਤੌਰ ਤੇ ਤੁਸੀ ਹੀ ਦਰੁੱਸਤ ਹੋ ਤਾਂ ਇਹਨੂੰ ਸਿਧਾਂਤਕ ਨਸ਼ੇ ਤੋਂ ਸਿਵਾ ਕੁਝ ਨਹੀਂ ਕਿਹਾ ਜਾ ਸਕਦਾ।

o ਮੈਂ ਭਾਰਤੀ ਸਟੇਟ ਦੇ ਵਿਰੁੱਧ ਸੰਘਰਸ਼ ਤੇ ਖਾਲਿਸਤਾਨੀ ਜਨੂੰਨੀਆਂ ਵਿਰੁਧ ਵਿਰੋਧ ਦੀ ਗੱਲ ਕਰਦਾ ਹਾਂ। ਮੈਂ ਇਹ ਕਿਧਰੇ ਨਹੀਂ ਕਿਹਾ ਕਿ ਸਾਨੂੰ ਵਿਰੋਧਤਾ ਨਿਖੇਧੀ ਕਰਨ ਜਾਂ ਉਹਨਾਂ ਦੇ ਖਿਲਾਫ ਲੋਕ ਰਾਏ ਤਕ ਸੀਮਤ ਰਖਣੀ ਚਾਹੀਦੀ ਹੈ। ਮੈਂ ਨਾ ਹੀ ਕੋਈ ਸੰਘਰਸ਼ ਦੀ ਸੀਮਾਂ ਮਿਥਣਾਂ ਚਾਹੁੰਦਾ ਹਾਂ ਤੇ ਨਾ ਹੀ ਵਿਰੋਧਤਾ ਦੀ। ਵਿਰੋਧਤਾ ਹਥਿਆਰਬੰਦ ਵੀ ਹੋ ਸਕਦੀ ਹੈ ਅਤੇ ਪਰਚਾਰ ਅਤੇ ਸਮਝਾਊ ਤਰੀਕੇ ਨਾਲ ਵੀ ਹੋ ਸਕਦੀ ਹੈ। ਸਾਧਾਰਨ ਸਿਖ ਜੰਤਾ ਜਿਹੜੀ ਕਾਫੀ ਵਡੀ ਗਿਣਤੀ ਵਿਚ ਖਾਲਿਸਤਾਨੀ ਜਾਂ ਭਿੰਡਰਾਂਵਾਲੇ ਦੀ ਮੂਲਵਾਦੀ ਸਿਧਾਂਤ ਦੇ ਥਲੇ ਆਈ ਹੋਈ ਹੈ. ਉਹਦੇ ਲਈ ਪ੍ਰਚਾਰ ਵੀ ਇਕ ਸਾਧਨ ਹੈ। ਕੱਟੜਵਾਦੀ ਕਾਤਲਾਂ ਦੇ ਵਿਰੁੱਧ ਇਹ ਵਿਰੋਧਤਾ ਹਥਿਆਰਬੰਦ ਵੀ ਹੋ ਸਕਦੀ ਹੈ ਤੇ ਇਹ ਹਥਿਆਰਾਂ ਦੀ ਵਸੂਲੀ ਇੰਟਰਨੈਸ਼ਨਲ ਸੰਸਥਾਵਾਂ ਦੇ ਰਾਹੀਂ ਵੀ ਹੋ ਸਕਦੀ ਹੈ। ਇਹ ਸਹੂਲਤ ਖਾਲਿਸਤਾਨੀਆਂ ਕੋਲ ਹੈ। ਇਹ ਸਹੂਲਤ ਇਨਕਲਾਬੀ ਵੀ ਆਪਣੇ ਲਈ ਮੁਹੀਯਾ ਕਰ ਸਕਦੇ ਹਨ। ਮੇਰੇ ਇਸ ਕਥਨ ਵਿਚ ਮੇਰੀ ਬੁਨਿਯਾਦੀ ਪੁਜ਼ੀਸ਼ਨ ਨਾਲ ਕੋਈ ਸਵੈ ਵਿਰੋਧਤਾ ਨਹੀਂ ਅਤੇ ਬੁਨਿਆਦੀ ਪੁਜ਼ੀਸ਼ਨ ਹੈ ਕਿ ਅੰਤਮ ਸੰਘਰਸ਼ ਤੇ ਮੁੱਖ ਸੰਘਰਸ਼ ਭਾਰਤੀ ਸਟੇਟ ਦੇ ਵਿਰੁੱਧ ਹੀ ਹੋਣਾ ਚਾਹੀਦਾ ਹੈ, ਜੋ ਸਾਰੇ ਵਰਤਾਰੇ ਦੀ ਜੱਨਮਦਾਤਾ ਹੈ।

o ਸਾਥੀ ਜੱਸੀ ਹੋਰਾਂ ਨੇ ਮੇਰੇ ਤੋਂ ਪੁਛਣਾ ਚਾਹਿਆ ਹੈ ਕਿ ਕੀ ਕਿਸੇ ਫਿਰਕੂ ਫਾਸ਼ੀ ਤਾਕਤ ਦੇ ਖਿਲਾਫ ਜੂਝਣਾ ਤੇ ਇਸਦਾ ਖਾਤਮਾ ਕਰਨਾ ਸਭ ਤੋਂ ਵੱਧ ਇਨਕਲਾਬੀ ਸ਼ਕਤੀਆਂ ਦੀ ਹੀ ਲੋੜ ਤੇ ਜ਼ਿਮੇਂਵਾਰੀ ਨਹੀਂ ਹੁੰਦੀ? ਮੇਰਾ ਜਵਾਬ ਹੈ ਕਿ ਲੋੜ ਵੀ ਹੁੰਦੀ ਤੇ ਜ਼ਿਮੇਂਵਾਰੀ ਵੀ। ਪਰ ਲੋੜ ਤੇ ਜ਼ਿਮੇਂਵਾਰੀ ਵਿਚ ਵੀ ਫਰਕ ਹੈ। ਜ਼ਿਮੇਂਵਾਰੀ ਉਨੀਂ ਹੀ ਲੈਣ ਦਾ ਦਾਅਵਾ ਕਰਨਾ ਚਾਹੀਦਾ ਹੈ, ਜਿਨੀਂ ਕੁ ਨਿਭਾਈ ਜਾ ਸਕਦੀ ਹੈ। ਜ਼ਿਮੇਵਾਰੀ ਦੇ ਪ੍ਰਸੰਗ ਵਿਚ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਇਨਕਲਾਬੀਆਂ ਦੀ ਪ੍ਰਮੁੱਖ ਜ਼ਿਮੇਂਵਾਰੀ ਭਾਰਤੀ ਸਟੇਟ ਨੂੰ ਬਦਲਉਣ ਦੀ ਹੈ।

o ਸਾਥੀ ਜੱਸੀ ਵਾਰ ਵਾਰ ਮੇਰੇ ਉਤੇ ਸਵਾਲ ਕਰਕੇ ਬਹਿਸ ਖਾਲਿਸਤਾਨੀ ਜਨੂੰਨੀਆਂ ਦੇ ਦੁਆਲੇ ਕੇਂਦਰਤ ਕਰਨਾ ਚਾਹੁੰਦੇ ਹਨ, ਜਦੋਂ ਕਿ ਇਹ ਕੇਂਦਰਤ ਭਾਰਤੀ ਸਟੇਟ ਦੀਆਂ ਨੀਤੀਆਂ ਦੁਆਲੇ ਹੋਣੀ ਚਾਹੀਦੀ ਹੈ ਜਿਨ੍ਹਾਂ ਕਰਕੇ ਧਾਰਮਕ ਮੂਲਵਾਦ ਅਤੇ ਵੱਖਵਾਦ ਨੇ ਇਸ ਦੇਸ ਵਿਚ ਸਿਰ ਚੁੱਕਿਆ ਹੈ। ਇਸ ਬੁਨਿਯਾਦੀ ਗੱਲ ਤੋਂ ਸਾਥੀ ਜੱਸੀ ਕਿਉਂ ਪਰੇ ਜਾਣਾ ਚਾਹੁੰਦਾ ਹੈ?

o ਹਰ ਇਕ ਧਾਰਮਿਕ ਜਨੂੰਨੀ (ਭਾਂਵੇ ਉਹ ਸੰਸਾਰ ਵਿਚ ਕਿਧਰੇ ਵੀ ਹੋਵੇ) ਬੁਨਿਯਾਦੀ ਤੌਰ ਤੇ ਉੱਲਟ ਇਨਕਲਾਬੀ ਹੋਵੇਗਾ। ਉਹਦੀ ਵਿਰੋਧਤਾ ਫਲਸਫੇ ਦੇ ਤੌਰ ਤੇ ਵੀ ਹੋਵੇਗੀ ਤੇ ਜ਼ਰੂਰਤ ਪੈਣ ਤੇ

ਹਥਿਆਰਬੰਦ ਤਰੀਕੇ ਨਾਲ ਵੀ ਹੋਵੇਗੀ ਪਰ ਇਹ ਲੜਾਈ ਬੁਨਿਆਦੀ ਜਮਾਤੀ ਲੜਾਈ ਨਾਲ ਰੱਲਗੱਡ ਨਹੀਂ ਕੀਤੀ ਜਾ ਸਕਦੀ। ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਧਰਾਮਕ ਮੂਲਵਾਦ ਦੇ ਅਸਰ ਥਲੇ ਵੱਡੀ ਗਿਣਤੀ ਵਿਚ ਉਹ ਲੋਕ ਹੁੰਦੇ ਹਨ ਜਿਨਾਂ ਦੀ ਜਮਾਤ ਪ੍ਰੋਲਤਾਰੀ ਜਾਂ ਗਰੀਬ ਕਿਸਾਨੀ ਹੁੰਦੀ ਹੈ। ਪੰਜਾਬ ਵਿਚ ਖਾਲਿਸਤਾਨੀ ਜਾਂ ਮੂਲਵਾਦੀ ਅੱੜਬ ਕਿਸਮ ਦੇ ਧਾਰਮਕ ਜਨੂੰਨੀ ਹਨ। ਇਹਨਾਂ ਬਾਰੇ ਜਮਾਤੀ ਵਿਸ਼ਲੇਸ਼ਣ ਜਾਂ ਇਹਨਾਂ ਨੂੰ ਹਾਕਮ ਜਮਾਤਾਂ ਨਾਲ ਜੋੜ ਦੇਣਾ ਐਵੇਂ ਬੇਅਰਥ ਜਿਹੀ ਦਿਮਾਗੀ ਕਸਰਤ ਹੈ। ਹਾਕਮ ਜਮਾਤ ਦਾ ਆਪਣਾ ਦਵੰਦ ਹੈ, ਉਹ ਇਹਨਾਂ ਨੂੰ ਕਦੀ ਸ਼ਹਿ ਦੇਣਗੇ ਤੇ ਕਦੀ ਮਾਰਨਗੇ। ਭਾਰਤੀ ਸਟੇਟ ਇਹੋ ਕੁਝ ਕਰ ਰਹੀ ਹੈ। ਇਸ ਲਈ ਇਹਨਾਂ ਦੀ ਵਿਰੋਧਤਾ ਦਾ ਦਾਓ ਪੇਚ ਇਹੋ ਜਿਹੇ ਹੋਣੇ ਚਾਹੀਦੇ ਹਨ ਕਿ ਅਸੀ ਭਾਰਤੀ ਸਟੇਟ ਤੇ ਹੀ ਵੱਧ ਤੋਂ ਵੱਧ ਮਾਰ ਕਰ ਸਕੀਏ।

## 2. ਅਫਸੋਸਨਾਕ ! ਨਿਹਾਇਤ ਅਫਸੋਕਨਾਕ !!

**ਨਰਿੰਦਰ (ਘੁੜਾਮ)**

ਅੱਜ ਕਮਿ: ਇਨ: ਲਹਿਰ ਦੀ ਜੋ ਦਸ਼ਾ ਹੈ ਉਹ ਸਭ ਦੇ ਸਾਹਮਣੇ ਹੈ। ਪਰ ਜੇਕਰ ਜੱਸੀ ਅਜੇ ਵੀ ਦਲੀਲਾਂ ਤੇ ਸਬੂਤਾਂ ਦੀ ਮੰਗ ਕਰਦਾ ਹੈ ਤਾਂ ਉਹ ਥੋੜ੍ਹਾ ਜਿਹਾ ਗਹੁ ਨਾਲ ਹੇਠ ਲਿਖੇ ਤੱਥਾਂ ਬਾਰੇ ਸੋਚਣ ਦਾ ਯਤਨ ਕਰੇ :

(ੳ) ਅੱਜ ਤੋਂ ਦਸ ਸਾਲ ਪਹਿਲਾਂ ਜੱਸੀ ਦੀ ਧਿਰ ਕੋਲ ਪੀ. ਐੱਸ. ਯੂ. ਦੀਆਂ ਕਾਲਜਾਂ ਤੇ ਸਕੂਲਾਂ ਅੰਦਰ ਘੱਟੋ ਘੱਟ 50 ਇਕਾਈਆਂ ਸਨ, ਜਿਹੜੀਆਂ ਕਿ ਖੁਰਦੀਆਂ ਖੁਰਦੀਆਂ ਹੁਣ ਜ਼ੀਰੋ ਤੇ ਪਹੁੰਚ ਗਈਆਂ ਹਨ। ਜਿਸ ਧਿਰ ਕੋਲ ਦਸ ਸਾਲ ਪਹਿਲਾਂ ਵਿਦਿ: ਲਹਿਰ ਦੀ ਸਰਦਾਰੀ ਸੀ, ਉਸਦਾ ਅੱਜ ਹਾਲ ਇਹ ਹੈ ਕਿ ਉਸ ਕੋਲ ਵਿਦਿਆਰੀਆਂ ਅੰਦਰ ਇਨਕਲਾਬੀ ਸਰਗਰਮੀ ਚਲਾਉਣ ਲਈ ਇਕ ਵੀ ਵਿਦਿਆਰਥੀ ਕਾਰਕੂੰਨ ਨਹੀਂ ਰਹਿ ਗਿਆ।

(ਅ) ਅੱਜ ਤੋਂ ਦਸ ਸਾਲ ਪਹਿਲਾਂ ਜੱਸੀ ਦੀ ਧਿਰ ਕੋਲ ਨੌਜੁਆਨ ਭਾਰਤ ਸਭਾ ਦੀਆਂ ਪੰਜਾਬ ਭਰ ਅੰਦਰ ਲੱਗ ਭੱਗ 300 ਇਕਾਈਆਂ ਸਨ। ਪਰ ਹੁਣ ਇਹਨਾਂ ਦੀ ਗਿਣਤੀ 3 ਤੋਂ ਵੱਧ ਨਹੀਂ ਰਹੀ।

(ੲ) ਅੱਜ ਤੋਂ ਦਸ ਸਾਲ ਪਹਿਲਾਂ ਜੱਸੀ ਦੀ ਧਿਰ ਕੋਲ ਦੋ ਜ਼ਿਲ੍ਹਿਆਂ 'ਚ ਕੰਮ ਕਰਦੀ ਇਕ ਬਾਰਸੂਖ ਕਿਸਾਨ ਜਥੇਬੰਦੀ (ਵਾਹੀਕਾਰ ਯੂਨੀਅਨ) ਸੀ। ਅੱਜ ਇਸ ਜਥੇਬੰਦੀ ਦੀ ਕੋਈ ਹੱਡੀ ਵੀ ਬਾਕੀ ਨਹੀਂ ਰਹੀ।

o ਮੈਨੂੰ ਸਾਥੀ ਜੱਸੀ ਹੋਰਾਂ ਦੀਆਂ ਪੰਜਾਬ ਦੀਆਂ ਨੀਤੀਆਂ ਵਿਚ ਇਹੋ ਵੱਡਾ ਕੱਜ ਲੱਗਦਾ ਹੈ ਕਿ ਉਹ ਖਾਲਿਸਤਾਨ ਦੇ ਵਿਰੋਧ ਦੇ ਜਨੂੰਨ ਵਿਚ ਭਾਰਤੀ ਸਟੇਟ ਨੂੰ ਅਖੋਂ ਪ੍ਰੋਖੇ ਕਰ ਰਹੇ ਹਨ। ਪੈਗਾਮ ਵਾਲੇ ਸਾਥੀ ਇਸ ਦੇ ਉੱਲਟ ਦੂਜੀ Extreme ਦੀ ਪੁਜ਼ੀਸ਼ਨ ਲੈ ਰਹੇ ਹਨ। ਉਹ ਭਾਰਤੀ ਸਟੇਟ ਦੀਆਂ ਨੀਤੀਆਂ ਨੂੰ ਹਿੰਦੂ ਸ਼ਾਵਨਵਾਦ (ਫਾਸ਼ੀਵਾਦ) ਨਾਲ ਜੋੜਕੇ ਸਿੱਖ ਮੂਲਵਾਦ ਨੂੰ ਅਖੋਂ ਪਰੋਖੇ ਕਰ ਰਹੇ ਹਨ। ਇਕ Balanced ਪਹੁੰਚ ਅਪਣਾਕੇ ਅਸੀ ਸਾਰੇ ਇਕ ਦੂਜੇ ਦੇ ਨੇੜੇ ਆ ਕੇ ਇਕ ਸਾਂਝੇ ਥੜੇ ਤੋਂ ਪੰਜਾਬ ਮੱਸਲੇ ਦੇ ਹੱਲ ਵਿਚ ਇਕ ਧਿਰ ਬਣ ਕੇ ਦਖ਼ਲ ਅੰਦਾਜ਼ੀ ਕਰ ਸਕਦੇ ਹਾਂ। ਮੱਸਲੇ ਦੇ ਹੱਲ ਲਈ ਮੈਂ ਸਮਤਾ ਜੁਲਾਈ ਸੰਪਾਦਕੀ ਵਿਚ ਆਧਾਰ ਦੇਣ ਦਾ ਯਤਨ ਕੀਤਾ ਹੈ, ਜਿਸ ਤੇ ਸਾਡੇ ਸਾਰਿਆਂ ਦੀ ਘੱਟ ਤੋਂ ਘੱਟ ਸਹਿਮਤੀ ਜ਼ਰੂਰ ਹੋ ਸਕਦੀ ਹੈ।

o

(ਸ) ਅੱਜ ਤੋਂ ਦਸ ਸਾਲ ਪਹਿਲਾਂ ਜੱਸੀ ਦੀ ਧਿਰ ਕੋਲ ਮਘਦੇ ਇਨਕਲਾਬੀ ਜੋਸ਼ ਨਾਲ ਕੰਮ ਕਰਦੇ ਦਰਜਨਾਂ/ਸੈਂਕੜੇ ਕਾਰਕੂੰਨ ਸਨ। ਪਰ ਪਿਛਲੇ ਦਸਾਂ ਸਾਲਾਂ ਦੌਰਾਨ ਨਾ ਸਿਰਫ ਕਾਰਕੂੰਨਾਂ ਦੇ ਜਥੇਬੰਦੀ ਤੋਂ ਕਿਰਨ ਦਾ ਸਿਲਸਿਲਾ ਫੁੱਲ ਸਪੀਡ ਤੇ ਚੱਲਿਆ ਹੈ ਸਗੋਂ ਜਥੇਬੰਦੀ ਅੱਜ ਘੱਟੋ-ਘੱਟ ਅੱਧ ਦਰਜਨ ਫਾਕਾਂ 'ਚ ਵਟ ਕੇ ਰਹਿ ਗਈ ਹੈ।

ਇਹ ਤਬਦੀਲੀ ਕੋਈ ਛੋਟੀ ਮੋਟੀ ਨਹੀਂ। ਕੀ ਜਸਪਾਲ ਜੱਸੀ ਦੱਸ ਸਕਦਾ ਹੈ ਕਿ ਉਸਦੀ ਜਥੇਬੰਦੀ ਦੀ ਅਗਵਾਈ ਹੇਠਲੀ ਲਹਿਰ ਦੀ ਇਹ ਐਨੀ ਮੰਦੀ ਦਸ਼ਾ ਕਿਉਂ ਤੇ ਕਿਵੇਂ ਹੋ ਗਈ? ਕੀ ਉਹ ਇਸ ਨਾਂਹ-ਪੱਖੀ ਵਰਤਾਰੇ ਦਾ ਆਪਣੇ ਸਿਧਾਂਤ ਅੰਦਰਲੀ ਕਿਸੇ ਗਲਤੀ ਨਾਲ ਵੀ ਕੋਈ ਸਬੰਧ ਜੁੜਿਆ ਦੇਖਦਾ ਹੈ ਜਾਂ ਇਸ ਨੂੰ ਗੁਹਿਆਂ ਦੀ ਚਾਲ ਵਾਕੁਣ ਬਾਹਰ-ਮੁਖੀ ਹਾਲਤਾਂ ਦੇ ਪੇਟੇ ਪਾਕੇ ਹੀ ਸਾਰ ਲੈਂਦਾ ਹੈ? ਕਿਉਂਕਿ ਇਨਕਲਾਬੀ ਸਫਾਂ ਦੇ ਧਿਆਨ 'ਚ ਅਜੇ ਤੱਕ ਅਜਿਹੀ ਕੋਈ ਗੱਲ ਨਹੀਂ ਆਈ ਜਿਸ ਅਨੁਸਾਰ ਜੱਸੀ ਹੁਰਾਂ ਨੇ ਆਪਣੀ ਜਥੇਬੰਦੀ ਦੇ ਕਿਸ ਕਦਰ ਮੰਦੇ ਹਾਲ ਦੀ ਹਕੀਕਤ ਨੂੰ ਸਪਸ਼ਟ ਰੂਪ 'ਚ ਪਰਵਾਨਿਆਂ ਹੋਵੇ ਅਤੇ ਇਸ ਦੇ ਲਈ ਆਪਣੇ ਸਿਧਾਂਤ ਵਿਚਾਰ-ਧਾਰਕ ਤੇ ਸਿਆਸੀ ਲੀਹ ਅੰਦਰਲੇ ਕਿਸੇ ਬੁਨਿਆਦੀ ਕੱਜ ਨੂੰ ਜ਼ੁੰਮੇਵਾਰ ਠਹਿਰਾਇਆ ਹੋਵੇ, ਇਸ ਲਈ ਗੁਰਸ਼ਰਨ ਭਾਅ ਜੀ ਦੀ ਇਹ ਗੱਲ ਕਹਿਣੀ ਕਿ ਜੱਸੀ ਹੁਰੀਂ ਅਜੇ ਵੀ ਆਪਣੇਸਿਧਾਂਤ ਦੇ ਸਹੀਪੁਣੇ ਦੇ ਨਸ਼ੇ 'ਚ ਗਲਤਾਨ ਹਨ, ਕਿਸੇ ਵੀ ਤਰ੍ਹਾਂ ਅਣਉਚਿਤ ਨਹੀਂ

ਹੈ। ਜੇ ਜੱਸੀ ਹੁਰੀਂ ਅਜੇ ਵੀ ਦਾਅਵਾ ਕਰੀ ਜਾ ਰਹੇ ਹਨ ਕਿ ਉਹ "ਯਥਾਰਥਵਾਦੀ" ਹਨ, "ਰੁਮਾਂਸਵਾਦੀ" ਨਹੀਂ ਹਨ, ਤਾਂ ਉਹਨਾਂ ਦਾ ਇਹ ਯਥਾਰਥਵਾਦ ਉਹਨਾਂ ਨੂੰ ਹੀ ਮੁਬਾਰਕ ਹੋਵੇ। ਬਾਹਰਮੁਖੀ ਹਕੀਕਤਾਂ ਦੇ ਫਤਵਿਆਂ ਤੋਂ ਬੇਪਰਵਾਹ ਹੋਕੇ, ਆਪਣੇ "ਸਿਧਾਂਤ ਦੇ ਸਹੀਪੁਣੇ ਦੇ ਨਸ਼ੇ 'ਚ ਗਲਤਾਨ" ਰਹਿਣ ਵਾਲੀ ਇਸ ਜ਼ਿਦੀ ਮਾਨਸਿਕਤਾ ਨੇ ਲਹਿਰ ਦਾ ਬਹੁਤ ਘਾਣ ਕਰਵਾ ਛੱਡਿਆ ਹੈ। ਜੇ ਅਜੇ ਵੀ ਜੱਸੀ ਹੁਰਾਂ ਅੰਦਰ ਹਲੀਮੀ ਤੇ ਸੰਜੀਦਗੀ ਨਹੀਂ ਆਉਂਦੀ, ਅਤੇ ਉਹ ਐਨੇ ਹੰਕਾਰੀ ਲਹਿਜੇ ਵਿਚ ਗੁਰਸ਼ਰਨ ਭਾਅ ਜੀ ਕੋਲੋਂ ਦਲੀਲਾਂ ਤੇ ਸਬੂਤ ਮੰਗ ਰਹੇ ਹਨ, ਤਾਂ ਉਹਨਾਂ ਦੇ ਇਸ ਗੈਰ-ਮਾਰਕਸਵਾਦੀ ਰਵਈਏ ਨੂੰ ਅਫਸੋਸਨਾਕ, ਨਿਹਾਇਤ ਹੀ ਅਫਸੋਨਾਕ ਕਿਹਾ ਜਾਣਾ ਚਾਹੀਦਾ ਹੈ।

o

## 3. ਕਾਮਰੇਡ ਅਜਮੇਰ ਸਿੰਘ ਨੂੰ ਦੱਸ ਸਵਾਲ

**ਵਿਕਰਮ ਸਿੰਘ ਸਮਰਾਲਾ**

ਕੁਝ ਮਹੀਨੇ ਪਹਿਲਾਂ ਸਮਤਾ ਵਿਚ ਸਾਥੀ ਅਜਮੇਰ ਸਿੰਘ ਦੀ ਇਕ ਲਿਖਤ ਛਪੀ ਸੀ।

ਅਜਮੇਰ ਸਿੰਘ ਦੀ ਸਿਆਸੀ ਲੀਹ ਬਾਰੇ ਮੇਰੇ ਮਨ ਵਿਚ ਵੀ ਕਈ ਸੁਆਲ ਸਨ: ਮੈਨੂੰ ਉਮੀਦ ਸੀ ਕਿ ਉਸਦੀ ਲਿਖਤ 'ਤੇ ਚੱਲਣ ਵਾਲੀ ਬਹਿਸ ਨਾਲ ਇਹਨਾਂ ਵਿਚੋਂ ਕਈ ਸਾਫ਼ ਹੋ ਜਾਣਗੇ ਅਤੇ ਬਾਕੀਆਂ ਬਾਰੇ ਬਾਅਦ ਵਿਚ ਸਪਸ਼ਟੀਕਰਨ ਲੈ ਲਿਆ ਜਾਵੇਗਾ ਪਰ ਲੋੜੀਂਦੀ ਬਹਿਸ ਚਲੀ ਨਹੀਂ ਮੈਂ ਆਪਣੇ ਸਵਾਲ ਲਿਖਕੇ ਭੇਜ ਰਿਹਾ ਹਾਂ ਮੈਨੂੰ ਲੱਗਦਾ ਹੈ ਕਿ ਇਹ ਸਵਾਲ ਮੇਰੇ ਇਕੱਲੇ ਦੇ ਨਹੀਂ ਇਨਕਲਾਬੀ ਸਫ਼ਾਂ ਦੇ ਵਿਸ਼ਾਲ ਹਿੱਸਿਆਂ ਦੇ ਵੀ ਹਨ। ਸੋ ਮੈਂ ਆਸ ਕਰਦਾ ਹਾਂ ਕਿ ਸੰਪਾਦਕ ਸਮਤਾ ਇਹਨਾਂ ਨੂੰ ਸਮਤਾ ਦੇ ਅਗਲੇ ਅੰਕ ਵਿਚ ਥਾਂ ਦੇਣਗੇ ਅਤੇ ਕਾਮਰੇਡ ਅਜਮੇਰ ਸਿੰਘ ਇਹਨਾਂ ਦਾ ਜਵਾਬ ਜ਼ਰੂਰ ਦੇਣਗੇ।

1) ਕਾਮਰੇਡ ਮਾਓ ਅਜਮੇਰ, ਭਾਵੇਂ ਪੈਗਾਮ ਦੀਆਂ ਲਿਖਤਾਂ ਤੋਂ ਇਕ ਗੱਲ ਤਾਂ ਸਾਫ਼ ਹੈ ਕਿ ਤੁਸੀਂ ਬੇਦੋਸ਼ੇ ਵਿਅਕਤੀਆਂ ਦੇ ਕਤਲਾਂ ਅਤੇ ਸਧਾਰਨ ਵਿਅਕਤੀਆਂ ਤੋਂ ਜਬਰੀ ਉਗਰਾਹੀ ਨੂੰ ਸਿਆਸੀ ਤੌਰ 'ਤੇ ਬੇਹੱਦ ਘਾਤਕ ਸਮਝਦੇ ਹੋ ਪਰ ਜਦੋਂ ਖਾਲਸਤਾਨੀਆਂ ਦੇ ਅੰਦਰੋਂ ਹੀ ਕੋਈ ਇਹਨਾਂ ਦੇ ਖਿਲਾਫ਼ ਅਵਾਜ਼ ਉਠਾਉਂਦਾ ਹੈ ਅਤੇ ਇਹਨਾਂ ਨੂੰ ਬੰਦ ਕਰਾਉਣ ਲਈ ਅੱਗੇ ਆਉਂਦਾ ਹੈ ਤਾਂ ਤੁਸੀਂ ਹੱਥ ਧੋ ਕੇ ਉਸਦੇ ਮਗਰ ਪੈ ਜਾਂਦੇ ਹੋ। ਪਹਿਲਾਂ ਤੁਸਾਂ ਪ੍ਰੋ: ਦਰਸ਼ਨ ਸਿੰਘ ਰਾਗੀ ਦੀ ਦੁਰਗਤ ਬਣਾਈ। ਅੱਜ ਕੱਲ ਜਸਬੀਰ ਸਿੰਘ ਦੇ ਖਿਲਾਫ਼ ਡਾਂਗਾਂ ਕੱਢੀ ਫਿਰਦੇ ਹੋ। ਜਸਬੀਰ ਸਿੰਘ ਦਾ ਕਸੂਰ ਕੀ ਹੈ? ਸਿਰਫ਼ ਇਹ ਹੀ ਨਾਂ ਕਿ ਉਹ ਉਸ ਸਭ ਕੁਝ ਨੂੰ ਖ਼ਤਮ ਕਰਵਾਉਣਾ ਚਾਹੁੰਦਾ ਸੀ ਜੋ ਬਲੈਕ ਥੰਡਰ ਤੋਂ ਪਹਿਲਾਂ ਦਰਬਾਰ ਸਾਹਿਬ ਦੇ ਅੰਦਰ ਚਲਦਾ ਸੀ ਅਤੇ ਇਸ ਕੰਮ ਲਈ ਉਸਨੇ ਇਕ ਪੰਜ ਮੈਂਬਰੀ ਕਮੇਟੀ ਵੀ ਬਣਾਈ ਸੀ।

(2) ਮੇਰਾ ਦੂਸਰਾ ਸਵਾਲ ਧਰਮ ਅਤੇ ਰਾਜਨੀਤੀ ਦੇ ਸਬੰਧਾਂ ਬਾਰੇ ਹੈ। ਕਮਿਊਨਿਸਟਾਂ ਵਿਚ ਇਹ ਗੱਲ ਤਾਂ ਪ੍ਰਵਾਨਤ ਹੈ ਕਿ ਧਰਮ ਸਦਾ ਹੀ ਲੋਕਾਂ ਨੂੰ ਦਬਾਉਣ ਲਈ ਹਾਕਮ ਜਮਾਤਾਂ ਦੇ ਹੱਥ ਇਕ ਹਥਿਆਰ ਰਿਹਾ ਹੈ ਇਸ ਤਰ੍ਹਾਂ ਧਰਮ ਨਾਲ ਜੁੜਨ ਵਾਲੀ ਸਿਆਸਤ ਪਿਛਾਖੜੀ ਹੁੰਦੀ ਹੈ। ਇਸੇ ਕਰਕੇ ਕਮਿਊਨਿਸਟ ਲਹਿਰ ਵੱਲੋਂ ਸਦਾ ਹੀ ਮੰਗ ਕੀਤੀ ਜਾਂਦੀ ਰਹੀ ਹੈ ਕਿ ਧਰਮ ਨੂੰ ਸਿਆਸਤ ਨਾਲੋਂ ਵੱਖ ਕਰੋ। ਪਰ ਤੁਸੀਂ ਇਸ ਮੰਗ ਦਾ ਵਿਰੋਧ ਕਰ ਰਹੇ ਹੋ। ਕਿਉਂ?

3) ਤੀਸਰੀ ਦੁਨੀਆਂ ਦੇ ਦੇਸ਼ਾਂ ਅੰਦਰ ਚਾਰ ਜਮਾਤਾਂ ਦਾ ਸਾਂਝਾ ਮੋਰਚਾ ਇਨਕਲਾਬ ਲਈ ਇਕ ਜਾਦੂਮਈ ਹਥਿਆਰ ਹੁੰਦਾ ਹੈ ਪਰ ਤੁਸਾਂ ਪੰਜਾਬ ਅੰਦਰ ਜਮਾਤਾਂ ਨੂੰ ਛੱਡ ਕੇ ਜਾਤਾਂ ਅਤੇ ਧਰਮਾਂ 'ਤੇ ਅਧਾਰਤ "ਭਾਰਤੀ ਘੱਟ-ਗਿਣਤੀਆਂ ਅਤੇ ਦਲਿਤ ਫਰੰਟ" ਉਸਾਰਨ ਦੀ ਲੀਹ ਪੇਸ਼ ਕੀਤੀ। ਇਸ ਮੋਰਚੇ ਵਿਚ ਸਿੱਖ, ਮੁਸਲਮਾਨ, ਈਸਾਈ ਅਤੇ ਦਲਿਤ ਸ਼ਾਮਲ ਹੋਣੇ ਸਨ। ਕੀ ਇਹ ਜਮਾਤੀ ਪਹੁੰਚ ਨੂੰ ਤਿਲਾਂਜਲੀ ਦੇਣਾ ਨਹੀਂ?

4) ਕਾਮਰੇਡ ਦਾ ਵਿਚਾਰ ਸੀ ਕਿ ਸਾਮਰਾਜਵਾਦ ਦੇ ਯੁੱਗ ਵਿਚ ਬੁਰਜੂਆਜ਼ੀ ਕੌਮੀ ਘੋਲਾਂ ਦੀ ਅਗਵਾਈ ਨਹੀਂ ਕਰ ਸਕਦੀ। ਫਿਰ ਤੁਸੀਂ ਕਿਸ ਅਧਾਰ 'ਤੇ ਉਹਨਾਂ ਘੋਲਾਂ ਨੂੰ ਵੀ ਕੌਮੀ ਮੁਕਤੀ ਦੇ ਘੋਲ ਕਰਾਰ ਦੇ ਰਹੇ ਹੋ ਜਿਨ੍ਹਾਂ ਦੀ ਅਗਵਾਈ ਬੁਰਜੂਆਜ਼ੀਆਂ ਦੇ ਹੱਥ ਹੈ?

ਕਾਮਰੇਡ ਲੈਨਿਨ ਦੀ ਬਹੁਤ ਸਪਸ਼ਟ ਪੁਜ਼ੀਸ਼ਨ ਸੀ ਕਿ ਕਮਿਊਨਿਸਟਾਂ ਨੇ ਜਮਾਤੀ ਘੋਲਾਂ ਦੀ ਅਗਵਾਈ ਕਰਨੀ ਹੁੰਦੀ ਹੈ ਅਤੇ ਕੌਮੀ ਘੋਲਾਂ ਦੀ ਹਮਾਇਤ। ਪਰ ਤੁਸੀਂ ਕੌਮੀ ਘੋਲਾਂ ਦੀ ਅਗਵਾਈ ਦਾ ਸਿਧਾਂਤ ਪੇਸ਼ ਕਰ ਰਹੇ ਹੋ। ਕੀ ਇਹ ਲੈਨਿਨਵਾਦ ਦੀ ਉਲੰਘਣਾ ਨਹੀਂ?

6) ਇਕ ਪਾਸੇ ਤਾਂ ਤੁਸੀਂ ਇਹ ਕਹਿੰਦੇ ਹੋ ਕਿ ਭਾਰਤ ਅਰਧ ਜਗੀਰੂ, ਅਰਧ ਬਸਤੀਵਾਦੀ ਮੁਲਕ ਨਹੀਂ ਰਿਹਾ ਸਗੋਂ ਭਾਰੂ ਤੌਰ 'ਤੇ ਸਰਮਾਏਦਾਰ ਮੁਲਕ ਬਣ ਚੁੱਕਾ ਹੈ ਪਰ ਦੂਜੇ ਪਾਸੇ ਇਹ ਕਹਿ ਰਹੇ ਹੋ ਕਿ ਭਾਰਤ ਨਵ-ਜਮਹੂਰੀ ਇਨਕਲਾਬ ਦੀ ਸਟੇਜ 'ਤੇ ਹੈ।

ਕੀ ਤੁਹਾਡੀ ਇਹ ਪੁਜ਼ੀਸ਼ਨ ਆਪਾ-ਵਿਰੋਧੀ ਨਹੀਂ। ਇਨਕਲਾਬਾਂ ਦੇ ਦੋ-ਪੜਾਵੀ ਸਿਧਾਂਤ ਮੁਤਾਬਕ ਜਗੀਰੂ ਤੇ ਅਰਧ ਜਗੀਰੂ ਮੁਲਕਾਂ ਅੰਦਰ ਇਨਕਲਾਬ ਦਾ ਖਾਸਾ ਜਮਹੂਰੀ ਹੋਣਾ ਹੁੰਦਾ ਹੈ ਪਰ ਸਰਮਾਏਦਾਰ ਦੇਸ਼ਾਂ ਵਿਚ ਸਮਾਜਵਾਦੀ।

7) ਬਹੁਜਨ ਸਮਾਜ ਪਾਰਟੀ ਨਿਰੋਲ ਜਾਤ ਅਧਾਰਤ (Caste Based) ਪਾਰਟੀ ਹੈ ਅਤੇ ਦੇਸ਼ ਅੰਦਰ ਜਾਤ-ਪਾਤ ਭੜਕਾ ਰਹੀ ਹੈ। ਇਸਦਾ ਨਾਅਰਾ ਹੈ, "ਬਰਾਹਮਣ ਬਾਣੀਆਂ ਚੋਰ-ਬਾਕੀ ਸਭ ਡੀ. ਐਸ ਫੋਰ"। ਜਦੋਂ ਵੀ ਇਸਦੇ ਆਗੂ ਕਿਤੇ ਭਾਸ਼ਨ ਕਰਦੇ ਹਨ ਤਾਂ ਸ਼ੁਰੂ ਵਿਚ ਹੀ ਐਲਾਨ ਕਰ ਦੇਂਦੇ ਹਨ ਬ੍ਰਾਹਮਣ ਅਤੇ ਠਾਕੁਰ ਤੁਰ ਜਾਣ। ਕਮਿਊਨਿਸਟਾਂ ਨੇ ਕਤੇ ਵੀ ਜਾਤ-ਅਧਾਰਤ ਜਥੇਬੰਦੀਆਂ ਦੀ ਹਮਾਇਤ ਨਹੀਂ ਕੀਤੀ। ਤੁਸੀਂ ਇਸ ਜਥੇਬੰਦੀ ਦੀ ਹਮਾਇਤ ਕਰਕੇ ਜਾਤ-ਪਾਤ ਭੜਕਾਉਣ 'ਚ ਭਾਗੀਦਾਰ ਨਹੀਂ ਬਣ ਰਹੇ?

8) ਤੁਸੀਂ ਬ੍ਰਾਹਮਣਵਾਦ ਦੇ ਖਿਲਾਫ਼ ਸੰਘਰਸ਼ ਦੀ ਗੱਲ ਕਰਦੇ ਹੋ? ਕੀ ਪੰਜਾਬ ਦੀ ਮੌਜੂਦਾ ਸਥਿਤੀ ਅੰਦਰ ਅਜਿਹਾ ਸੰਘਰਸ਼ ਫ਼ਿਰਕਾਪ੍ਰਸਤੀ ਨੂੰ ਹੋਰ ਨਹੀਂ ਵਧਾਏਗਾ? ਦੂਸਰੀ ਗੱਲ, ਇਹ ਤਾਂ ਸਾਰੇ ਮੰਨਦੇ ਹਨ ਕਿ ਬਰਾਹਮਣਵਾਦ ਜਗੀਰੂ ਵਿਚਾਰਧਾਰਾ ਹੈ। ਜਗੀਰੂ ਪੈਦਾਵਾਰੀ ਰਿਸ਼ਤਿਆਂ ਦੇ ਖ਼ਤਮ ਹੋਣ ਨਾਲ, ਤੁਹਾਡੇ ਆਪਣੇ ਵਿਚਾਰ ਮੁਤਾਬਕ ਕਾਫ਼ੀ ਹੱਦ ਤੱਕ ਖ਼ਤਮ ਵੀ ਚੁੱਕੇ ਹਨ, ਉਸਾਰ ਢਾਂਚੇ ਦਾ ਇਹ ਅੰਗ (ਬਰਾਹਮਣ-ਵਾਦ) ਆਪਣੇ ਆਪ ਖ਼ਤਮ ਨਹੀਂ ਹੋ ਜਾਵੇਗਾ? ਸ਼ਰਮਾਏਦਾਰੀ ਦੇ ਆਉਣ ਨਾਲ ਛੂਤ-ਛਾਤ ਤਾਂ ਤਕਰੀਬਨ ਖ਼ਤਮ ਹੋ ਗਈ ਹੈ। ਫਿਰ ਬਰਾਹਮਣਵਾਦ ਦੇ ਖ਼ਿਲਾਫ਼ ਸੰਘਰਸ਼ 'ਤੇ ਐਨਾ ਜ਼ੋਰ ਕਿਉਂ ਦਿੱਤਾ ਜਾ ਰਿਹਾ ਹੈ?

9) ਕੀ ਜਾਤਾਂ, ਭਾਸ਼ਾਵਾਂ, ਧਰਮਾਂ ਅਤੇ ਕੌਮਾਂ ਦੇ ਮਸਲੇ ਧਿਆਨ-ਤਲਕਾਊ ਮਸਲੇ ਨਹੀਂ ਹੁੰਦੇ? ਕੀ ਹਾਕਮ ਜਮਾਤਾਂ ਆਪ ਹੀ ਲੋਕਾਂ ਦੇ ਧਿਆਨ ਨੂੰ ਉਹਨਾਂ ਦੇ ਜਮਾਤੀ ਮਸਲਿਆਂ ਤੋਂ ਲਾਂਭੇ ਲਿਜਾਣ ਲਈ ਅਜਿਹੇ ਮਸਲੇ ਖੜ੍ਹੇ ਨਹੀਂ ਕਰ ਦੇਂਦੀਆਂ? ਕੀ ਕਮਿਊਨਿਸਟਾਂ ਨੂੰ ਅਜਿਹੇ ਮਸਲਿਆਂ ਤੋਂ ਉਪਰ ਉਠਕੇ ਲੋਕਾਂ ਦਾ ਧਿਆਨ ਉਹਨਾਂ ਦੀਆਂ ਜਮਾਤੀ ਮੰਗਾਂ ਵੱਲ ਕੇਂਦਰਤ ਕਰਕੇ ਆਪਣੀ ਵੱਖਰੀ ਲਹਿਰ ਨਹੀਂ ਉਠਾਣੀ ਚਾਹੀਦੀ?

10) ਤੁਸੀਂ ਖਾਲਸਤਾਨੀ ਲਹਿਰ ਨੂੰ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਸਮਝਦੇ ਹੋ ਜਾਂ ਕੁਝ ਹੋਰ? ਇਸ ਬਾਰੇ ਤੁਹਾਡੀ ਕੋਈ ਸਪੱਸ਼ਟ ਪੁਜ਼ੀਸ਼ਨ ਨਹੀਂ ਮਿਲਦੀ। ਜਦੋਂ ਖਾਲਸਤਾਨੀਆਂ ਦੀ ਹਰ ਕਾਰਵਾਈ ਪੰਜਾਬੀ ਕੌਮ ਨੂੰ ਚੀਰਾ ਦੇਣ ਵਾਲੀ ਹੈ ਤਾਂ ਉਹਨਾਂ ਦੀ ਲਹਿਰ ਨੂੰ ਪੰਜਾਬੀ ਕੌਮ ਦੀ ਮੁਕਤੀ ਦੀ ਲਹਿਰ ਕਿਸ ਅਧਾਰ 'ਤੇ ਕਿਹਾ ਜਾ ਸਕਦਾ ਹੈ?

o

## 4. ਜਸਪਾਲ ਜੱਸੀ ਦੀ ਲਿਖਤ ਬਾਰੇ

ਹਰਜੀਤ ਸਿੰਘ ਦੀ ਸਮਤਾ ਜੂਨ ਅੰਕ ਵਿਚ ਵਧੀਆ ਤੇ ਦਿਲ ਦੀਆਂ ਕਹਿਣ ਵਾਲੀ ਚਿੱਠੀ ਪੜ੍ਹੀ ਹਰਜੀਤ ਸਿੰਘ ਹੋਰਾਂ ਨੇ ਸੱਚ ਮੁੱਚ ਹੀ ਦਿਲ ਦਿਮਾਗ ਦੀਆਂ ਗਹਿਰਾਈਆਂ ਤੱਕ ਦੀ ਸਾਡੇ ਦਿਮਾਗ ਵਿਚ ਆਉਂਦੀਆਂ ਕਈ ਗੱਲਾਂ ਨਿਖਾਰ ਕੇ ਰੱਖ ਦਿੱਤੀਆਂ ਹਨ ਅਸੀਂ ਇਸ ਬਾਰੇ ਪੂਰੀ ਤਰਾਂ ਸਹਿਮਤ ਹਾਂ।

ਅਸੀਂ ਮਹਿਸੂਸ ਕਰਦੇ ਹਾਂ ਕਿ ਕੁੱਝ ਇਕ ਇਨਕਲਾਬੀ ਗਰੁਪਾਂ ਨੇ ਸਮਾਜਕ ਹਕੀਕਤਾਂ ਨੂੰ ਠੀਕ ਤਰਾਂ ਨਹੀਂ ਸਮਝਿਆ ਤੇ ਹੋਰ ਪਾਸੇ ਹੀ ਟੱਕਰਾਂ ਮਾਰ ਰਹੇ ਹਨ। ਹਰ ਉਠ ਰਹੀ ਲਹਿਰ ਨੂੰ ਪਿਛਾਖੜੀ ਜਾਂ ਫ਼ਿਰਕੂ ਕਹਿ ਕੇ ਹੀ ਛੱਡ ਨਹੀਂ ਦੇਣਾ ਚਾਹੀਦਾ ਜਿਵੇਂ ਕਿ ਭਾਰਤੀ ਕਿਸਾਨ ਯੂਨੀਅਨ ਤੇ ਦਲਿਤ ਵਰਗ ਨਾਲ ਸੰਬੰਧਤ ਜਥੇਬੰਦੀਆਂ ਦੇ ਜ਼ੋਰ ਫੜ ਜਾਣ ਦੇ ਕਾਰਨਾ ਨੂੰ ਸਮਝ ਕੇ ਉਨ੍ਹਾਂ ਨੂੰ ਠੀਕ ਅਗਵਾਈ ਦੇਣਾ ਇਨਕਲਾਬੀਆਂ ਦੇ ਵਸੋਂ ਬਾਹਰ ਲੱਗਦੀ ਹੈ। ਹਰ ਗਰੁਪ ਤੇ ਪਾਰਟੀ ਨੂੰ ਆਪਣੀ ਸਮਰਥਾ ਨੂੰ ਮੱਦੇ ਨਜ਼ਰ ਰੱਖ ਕੇ ਹੀ ਦਮਗਜੇ ਮਾਰਨੇ ਚਾਹੀਦੇ ਹਨ। ਜਿੰਨੀ ਦੇਰ ਤੱਕ ਅਸੀਂ ਲੋਕਾਂ ਦੀਆਂ ਸਮਸਿਆਵਾਂ ਨੂੰ ਨਹੀਂ ਸਮਝਦੇ ਉਨਾਂ ਦੇਰ ਅਸੀਂ ਉਨਾਂ ਵਿਚ ਠੀਕ ਕੰਮ ਨਹੀਂ ਕਰ ਸਕਾਂਗੇ। ਵਧ ਤੋਂ ਵਧ ਜਨਤਕ ਜਥੇਬੰਦੀਆਂ ਵਿਚ ਕੰਮ ਕਰਕੇ ਹੀ ਅਸੀਂ ਅੱਗੇ ਵਧ ਸਕਾਂਗੇ। /ਧੂਰੀ ਤੋਂ ਇਕ ਸਾਥੀ

## 5. ਅਪ੍ਰੇਸ਼ਨ ਬਲਿਊ ਸਟਾਰ ਅਤੇ ਇਨਕਲਾਬੀ ਜਨਤਕ ਲੀਹ

**ਜਸਪਾਲ ਜੱਸੀ**

"ਸਮਤਾ" ਦੇ ਜੂਨ ਅੰਕ 'ਚ 'ਹਰਜੀਤ ਅਟਵਾਲ' ਨੇ ਇਨਕਲਾਬੀ ਜਨਤਕ ਲੀਹ ਦੇ ਜੁਲਾਈ 85 ਦੇ ਅੰਕ 'ਚੋਂ ਕੁਝ ਸਤਰਾਂ ਦਾ ਵਿਗੜੇ ਰੂਪ 'ਚ ਹਵਾਲਾ ਦਿੰਦਿਆਂ ਇਹ ਸਤਰ ਪੁੱਠੇ ਕਾਮਿਆਂ 'ਚ ਦਿੱਤੀ ਹੈ

"...ਹਰ ਲੋਕ ਪੱਖੀ ਨੂੰ ਹਕੂਮਤੀ ਹਥਿਆਰਬੰਦ ਸ਼ਕਤੀਆਂ ਅਤੇ ਫ਼ਿਰਕੂ ਦਹਿਸ਼ਤਗਰਦਾਂ ਦੀ ਟੱਕਰ 'ਚ ਫ਼ਿਰਕੂ ਦਹਿਸ਼ਤਗਰਦਾਂ ਦੀ ਹਾਰ ਦੀ ਇੱਛਾ ਰੱਖਣੀ **ਚਾਹੀਦੀ ਹੈ** (ਸ਼ਬਦਾਂ 'ਤੇ ਜ਼ੋਰ ਸਾਡਾ)

ਇਸ ਵਿਗੜੇ ਹੋਏ ਹਵਾਲੇ ਨੂੰ ਅਧਾਰ ਬਣਾਕੇ (ਵਿਗਾੜਨ ਬਾਰੇ ਗੱਲ ਅਗੇ ਹੋਵੇਗੀ) ਗੱਲ ਅੱਗੇ

ਤੋਰਦਿਆਂ 'ਹਰਜੀਤ ਅਟਵਾਲ' ਕਹਿੰਦਾ ਹੈ

"ਜੱਸੀ ਦੇ ਉਸਤਾਦ ਕਹਿੰਦੇ ਹਨ ਕਿ ਸਾਨੂੰ ਹਕੂਮਤ ਵੱਲੋਂ ਦਹਿਸ਼ਤਗਰਦਾਂ ਦੇ ਖ਼ਿਲਾਫ਼ ਬੋਲੇ ਗਏ ਹਮਲੇ ਵਿਚ ਦਹਿਸ਼ਤਗਰਦਾਂ ਦੀ ਹਾਰ ਲਈ ਸਿਰਫ਼ ਇੱਛਾ ਹੀ ਨਹੀਂ ਰੱਖਣੀ ਚਾਹੀਦੀ ਸਗੋਂ ਇਸ ਹਾਰ ਨੂੰ ਯਕੀਨੀ ਬਣਾਉਣ ਲਈ ਠੋਸ ਕਦਮ ਵੀ ਚੁੱਕਣੇ ਚਾਹੀਦੇ ਹਨ। ਉਹ "ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਬਾਰੇ" ਆਪਣੀ ਇਕ ਲਿਖਤ ਵਿਚ ਅਜਿਹੇ ਕਦਮਾਂ ਬਾਰੇ ਦੱਸਦਿਆਂ ਲਿਖਦੇ ਹਨ ਕਿ ਸਾਨੂੰ ਦਹਿਸ਼ਤ-ਗਰਦਾਂ ਦੇ ਛੁਪਣ ਦੇ ਟਿਕਾਣਿਆਂ ਦਾ ਪਤਾ ਕਰਕੇ ਸ਼ਰੇਆਮ ਨਸ਼ਰ ਕਰਨਾ ਅਤੇ ਖੁਦ ਪਕੜ ਕੇ ਪੁਲਸ ਦੇ ਹਵਾਲੇ ਕਰਨਾ ਚਾਹੀਦਾ ਹੈ.. ਕੋਈ ਇਨਕਲਾਬੀ ਅਜਿਹੀ .. ਸਰਕਾਰ ਭਗਤੀ ਅਤੇ ਪੁਲਸ ਟਾਊਟੀ ਨੂੰ ਨਫ਼ਰਤ ਨਾਲ ਠੁਕਰਾ ਦੇਵੇਗਾ"

ਉਪਰੋਕਤ ਪੇਸ਼ਕਾਰੀ ਰਾਹੀਂ ਇਹ ਪ੍ਰਭਾਵ ਪੈਦਾ ਕਰਨ ਦਾ ਸੋਚਿਆ ਸਮਝਿਆ ਯਤਨ ਕੀਤਾ ਗਿਆ ਹੈ ਕਿ ਇਨਕਲਾਬੀ ਜਨਤਕ ਲੀਹ ਦਾ ਪੈਂਤੜਾ ਹਕੂਮਤੀ ਦਹਿਸ਼ਤਗਰਦੀ ਦੀ ਹਮਾਇਤ ਦਾ ਪੈਂਤੜਾ ਹੈ। ਕਿ ਇਸਨੇ ਹਕੂਮਤੀ ਹਥਿਆਰਬੰਦ ਸ਼ਕਤੀਆਂ ਦੀ ਸਹਾਇਕ ਟੁਕੜੀ ਵਲੋਂ ਰੋਲ ਨਿਭਾਉਣ ਦਾ ਕਾਰਜ ਕੱਢਿਆ ਹੋਇਆ ਹੈ।

ਇਨਕਲਾਬੀ ਜਨਤਕ ਲੀਹ ਦਾ ਕੋਈ ਵੀ ਬਾਕਾਇਦਾ ਪਾਠਕ ਬੜੀ ਆਸਾਨੀ ਨਾਲ ਇਹ ਗੱਲ ਨੋਟ ਕਰ ਸਕਦਾ ਹੈ ਕਿ ਇਹ ਹਕੂਮਤੀ ਦਹਿਸ਼ਤਗਰਦੀ ਅਤੇ ਖਾਲਸਤਾਨੀ ਦਹਿਸ਼ਤਗਰਦੀ ਦੋਹਾਂ ਨੂੰ ਲੋਕਾਂ ਦੀਆਂ ਦੁਸ਼ਮਣ ਅਤੇ ਲੋਕ ਸੰਘਰਸ਼ ਦੀ ਸੱਟ ਦਾ ਬਰਾਬਰ ਦਾ ਨਿਸ਼ਾਨਾ ਸਮਝਦਾ ਹੈ। ਸਿਰਫ਼ ਇੰਨਾ ਹੀ ਨਹੀਂ ਮੁਲਕ ਭਰ ਦੇ ਅਤੇ ਲੰਮੇ ਦਾਅ ਦੇ ਪ੍ਰਸੰਗ 'ਚ ਹਕੂਮਤੀ ਦਹਿਸ਼ਤਗਰਦੀ ਨੂੰ ਖਾਲਸਤਾਨੀ ਦਹਿਸ਼ਤਗਰਦੀ ਨਾਲੋਂ ਵਡੇਰਾ ਖਤਰਾ ਸਮਝਦਾ ਹੈ ਜਦੋਂ ਕਿ ਪੰਜਾਬ ਦੇ ਪ੍ਰਸੰਗ 'ਚ ਦੋਹਾਂ ਨੂੰ ਨੀਤੀ ਦੀ ਪੱਧਰ 'ਤੇ ਬਰਾਬਰ ਦੇ ਹਮਲੇ ਦਾ ਨਿਸ਼ਾਨਾ ਮਿਥਦਿਆਂ, ਇਨ੍ਹਾਂ 'ਚ ਸਿਰਫ਼ ਦਾਅ ਪੇਚਕ ਵਖਰੇਵਾਂ ਕਰਦਾ ਹੈ ਅਤੇ ਵੇਲੇ 'ਤੇ ਵਡੇਰਾ ਖਤਰਾ ਬਣਕੇ ਉਭਰੀ ਦਹਿਸ਼ਤਗਰਦੀ ਖ਼ਿਲਾਫ਼ ਵਧੇਰੇ ਦਾਬ ਦੇਣ ਦੀ ਸਮਝ ਰਖਦਾ ਹੈ। ਇਸ ਸਮਝ ਦੀ ਰੋਸ਼ਨੀ 'ਚ ਇਸ ਵੱਲੋਂ ਸਮੇਂ ਸਮੇਂ ਕਦੇ ਖਾਲਸਤਾਨੀ ਦਹਿਸ਼ਤਗਰਦੀ ਅਤੇ ਕਦੇ ਹਕੂਮਤੀ ਦਹਿਸ਼ਤਗਰਦੀ ਖ਼ਿਲਾਫ਼ ਘੋਲ 'ਤੇ ਵਧੇਰੇ ਦਾਅ ਦੇਣ ਦਾ ਪੈਂਤੜਾ ਉਭਾਰਿਆ ਜਾਂਦਾ ਰਿਹਾ ਹੈ। ਇਸ ਗੱਲ ਦੀਆਂ ਉੱਘੜਵੀਆਂ ਠੋਸ ਉਦਾਹਰਣਾ ਮੌਜੂਦ ਹਨ।

ਨਾ ਸਿਰਫ਼ ਇਨਕਲਾਬੀ ਜਨਤਕ ਲੀਹ ਨੇ ਖ਼ੁਦ ਹਮੇਸ਼ਾ ਹਕੂਮਤੀ ਦਹਿਸ਼ਤਗਰਦੀ ਦੇ ਡਟਵੇਂ ਵਿਰੋਧ ਦੀ ਪੁਜ਼ੀਸ਼ਨ ਲਈ ਹੈ, ਸਗੋਂ ਉਨ੍ਹਾਂ ਸ਼ਕਤੀਆਂ ਦੀਆਂ ਪੁਜ਼ੀਸ਼ਨਾ ਦਾ ਪਰਦਾਫਾਸ਼ ਵੀ ਕੀਤਾ ਹੈ ਜਿਹੜੀਆਂ ਇਸ ਖ਼ਿਲਾਫ਼ ਘੋਲ ਨੂੰ ਮੱਧਮ ਪਾਉਂਦੀਆਂ, ਫਿਰਕਾਪ੍ਰਸਤੀ ਖ਼ਿਲਾਫ਼ ਘੋਲ 'ਚ ਹਕੂਮਤ ਨੂੰ ਲੋਕਾਂ ਦੀ ਸੰਗੀ ਸ਼ਕਤੀ ਵਜੋਂ ਪੇਸ਼ ਕਰਦੀਆਂ, ਇਸ ਉੱਪਰ ਲੋਕਾਂ ਦੀ ਟੇਕ ਬੰਨ੍ਹਾਉਂਦੀਆਂ ਅਤੇ ਹਕੂਮਤੀ ਦਹਿਸ਼ਤਗਰਦੀ ਦੇ ਹੱਲੇ ਬਾਰੇ ਦੜ੍ਹ ਵੱਟਦੀਆਂ ਹਨ।

'ਹਰਜੀਤ ਅਟਵਾਲ' ਨੇ ਜਨਤਕ ਲੀਹ 'ਚੋਂ ਜਿਨ੍ਹਾਂ ਸਤਰਾਂ ਦਾ ਹਵਾਲਾ ਦਿੱਤਾ ਹੈ ਉਹ ਪ੍ਰਸੰਗ ਨਾਲੋਂ ਤੋੜਕੇ ਅਤੇ ਤੋੜ ਮਰੋੜ ਕੇ ਦਿੱਤਾ ਗਿਆ ਹੈ ਅਤੇ ਇਸਦੇ ਮਨਚਾਹੇ ਅਰਥ ਬਣਾਕੇ ਪੇਸ਼ ਕੀਤੇ ਗਏ ਹਨ।

"ਹਰ ਲੋਕ ਪੱਖੀ ਨੂੰ ਹਕੂਮਤੀ ਹਥਿਆਰਬੰਦ ਸ਼ਕਤੀਆਂ ਅਤੇ ਫ਼ਿਰਕੂ ਦਹਿਸ਼ਤਗਰਦਾਂ ਦੀ ਟੱਕਰ 'ਚ ਫਿਰਕੂ ਦਹਿਸ਼ਤਗਰਦਾਂ ਦੀ ਹਾਰ ਦੀ ਇੱਛਾ ਰੱਖਣੀ ਚਾਹੀਦੀ ਹੈ।

ਇਸ ਹਵਾਲੇ 'ਚ "ਚਾਹੀਦੀ ਹੈ" ਸ਼ਬਦ 'ਹਰਜੀਤ ਅਟਵਾਲ' ਦੀ 'ਰਚਨਾਤਮਕ' ਸੋਧ ਹੈ। ਸਬੰਧਤ ਲਿਖਤ ਅੰਦਰ ਇਥੇ ਸ਼ਬਦ "ਚਾਹੀਦੀ ਸੀ" ਵਰਤੇ ਗਏ ਸਨ। ਇਹ ਇਕ ਵਿਸ਼ੇਸ਼ ਸੀਮਤ ਪ੍ਰਸੰਗ 'ਚ ਕਹੀਆਂ ਗਈਆਂ ਸਤਰਾਂ ਹਨ ਜਿਨ੍ਹਾਂ ਨੂੰ ਸਭਨਾਂ ਹਾਲਤਾਂ 'ਚ ਲਾਗੂ ਹੋਣ ਵਾਲੇ ਆਮ ਅਸੂਲ ਵਜੋਂ ਪੇਸ਼ ਕਰ ਦਿੱਤਾ ਗਿਆ ਹੈ। ਅਸੀਂ ਅੱਗੇ ਚੱਲਕੇ ਵਿਖਾਵਾਂਗੇ ਕਿ ਇਸ ਵਿਸ਼ੇਸ਼ ਸੀਮਤ ਪ੍ਰਸੰਗ 'ਚ ਵੀ ਇਨ੍ਹਾਂ ਸਤਰਾਂ ਦੇ ਉਹ ਅਰਥ ਬਿਲਕੁਲ ਨਹੀਂ ਹਨ ਜੋ ਇਸ ਪੈਗ਼ਾਮਪੰਥੀ ਸ਼ਖਸ਼ ਨੇ ਪੇਸ਼ ਕੀਤੇ ਹਨ।

ਕੁੱਲ ਮਿਲਾਕੇ ਸਾਡੀ ਪੁਜ਼ੀਸ਼ਨ ਇਉਂ ਪੇਸ਼ ਕੀਤੀ ਗਈ ਹੈ ਜਿਵੇਂ ਅਸੀਂ ਹਕੂਮਤ ਨੂੰ ਲੋਕਾਂ ਦੀ ਇਕ ਸੰਗੀ ਤਾਕਤ ਵਲੋਂ ਗਿਣ ਰਹੇ ਹਾਂ ਅਤੇ ਇਸ ਨਾਲ ਰਲ ਕੇ ਚੱਲਣ ਦੀ ਪੁਜ਼ੀਸ਼ਨ ਲੈ ਰਹੇ ਹਾਂ। ਜਦੋਂ ਕਿ ਅਸੀਂ ਨਾ ਸਿਰਫ਼ ਆਮ ਰੂਪ 'ਚ ਹੀ ਹਕੂਮਤ ਨੂੰ ਲੋਕਾਂ ਦੀ ਦੁਸ਼ਮਣ ਸਮਝਦੇ ਹਾਂ ਸਗੋਂ ਫ਼ਿਰਕਾਪ੍ਰਸਤੀ ਖ਼ਿਲਾਫ਼ ਘੋਲ ਦੇ ਵਿਸ਼ੇਸ਼ ਪ੍ਰਸੰਗ 'ਚ ਵੀ ਇਸਨੂੰ ਮੁੱਖ ਦੁਸ਼ਮਣਾਂ 'ਚ ਰੱਖਕੇ ਨਿਸ਼ਾਨਾ ਬਣਾਉਂਦੇ ਹਾਂ।

ਜਿਨ੍ਹਾਂ ਸਤਰਾਂ ਦਾ 'ਹਰਜੀਤ ਅਟਵਾਲ' ਨੇ ਹਵਾਲਾ ਦਿੱਤਾ ਹੈ ਉਹ ਜੁਲਾਈ 85 ਦੇ ਇਨਕਲਾਬੀ ਜਨਤਕ ਲੀਹ 'ਚ ਛਪੀ ਗੁਲਜ਼ਾਰ ਸਿੰਘ ਦੀ ਲਿਖਤ 'ਚੋਂ ਹੈ। ਇਹ ਸਤਰਾਂ ਜੂਨ 84 'ਚ ਹੋਏ ਅਪ੍ਰੇਸ਼ਨ ਬਲਿਊ ਸਟਾਰ ਦੇ ਪ੍ਰਸੰਗ 'ਚ ਲਿਖੀਆਂ ਗਈਆਂ ਹਨ। ਇਸ ਲਿਖਤ ਅੰਦਰ (ਜੋ ਬੁਨਿਆਦੀ ਤੌਰ 'ਤੇ ਇਨਕਲਾਬੀ ਜਨਤਕ ਲੀਹ ਦੀ ਸਮਝ ਨਾਲ ਮੇਲ ਖਾਂਦੀ ਸੀ) ਪੰਜਾਬ

ਦੀਆਂ ਇਨਕਲਾਬੀ ਸ਼ਕਤੀਆਂ ਅੰਦਰ ਸਿਰ ਚੁੱਕ ਰਹੇ ਹਾਕਮ ਜਮਾਤਾਂ ਦੇ ਸਿੱਖ ਕੱਟੜ ਪੰਥੀ ਹਿੱਸਿਆਂ ਨਾਲ ਨਰਮ ਦਿਲੀ ਜਾਂ ਭਾਈਵਾਲੀ ਦੇ ਰੁਝਾਨ ਦੀ ਆਲੋਚਨਾ ਕੀਤੀ ਗਈ ਸੀ। ਅਪ੍ਰੇਸ਼ਨ ਬਲਿਊ ਸਟਾਰ ਦੇ ਮਾਮਲੇ 'ਚ ਇਨ੍ਹਾਂ ਸ਼ਕਤੀਆਂ ਦੀ ਇਸ ਪੁਜ਼ੀਸ਼ਨ ਦਾ ਖੰਡਨ ਕੀਤਾ ਗਿਆ ਸੀ ਕਿ ਇਹ ਹਕੂਮਤ ਵੱਲੋਂ ਲੋਕਾਂ 'ਤੇ ਬੋਲਿਆ ਗਿਆ ਹੱਲਾ ਸੀ ਅਤੇ ਇਨਕਲਾਬੀ ਸ਼ਕਤੀਆਂ ਨੂੰ ਇਸਦੇ ਵਿਰੋਧ ਲਈ ਅੱਗੇ ਆਉਣਾ ਚਾਹੀਦਾ ਸੀ। ਲਿਖਤ ਇਹ ਸਪਸ਼ਟ ਕਰਦੀ ਸੀ ਕਿ ਅਪ੍ਰੇਸ਼ਨ ਬਲਿਊ ਸਟਾਰ ਮੁੱਖ ਤੌਰ 'ਤੇ ਖਾਲਸਤਾਨੀ ਦਹਿਸ਼ਤਗਰਦਾਂ 'ਤੇ ਹੋਇਆ ਹਕੂਮਤੀ ਹੱਲਾ ਸੀ। ਇਸਨੂੰ ਲੋਕਾਂ 'ਤੇ ਹਮਲੇ ਵਜੋਂ ਪੇਸ਼ ਕਰਨ ਅਤੇ ਇਸ ਖ਼ਿਲਾਫ਼ ਲੜਾਈ ਦਾ ਸੱਦਾ ਦੇਣ ਦਾ ਅਰਥ ਖਾਲਸਤਾਨੀ ਦਹਿਸ਼ਤਗਰਦਾਂ ਦੇ ਮਨਸੂਬਿਆਂ ਲਈ ਸਹਾਈ ਹੋਣਾ ਸੀ ਜਿਹੜੇ ਇਸ ਘਟਨਾ ਦਾ ਲਾਹਾ ਲੈ ਕੇ ਵੱਡੇ ਪੱਧਰ 'ਤੇ ਫ਼ਿਰੂਕ ਫ਼ਸਾਦ ਭੜਕਾਉਣੇ ਚਾਹੁੰਦੇ ਸਨ ਅਤੇ ਲੋਕਾਂ ਦੇ ਧਾਰਮਕ ਜਜ਼ਬਾਤਾਂ ਨੂੰ ਆਪਣੇ ਸਿਆਸੀ ਹਿੱਤਾਂ ਲਈ ਵਰਤਣ ਦਾ ਕੁਕਰਮ ਕਰਨਾ ਚਾਹੁੰਦੇ ਸਨ। ਇਹ ਖਾਲਸਤਾਨੀ ਦਹਿਸ਼ਤਗਰਦ ਅਪ੍ਰੇਸ਼ਨ ਬਲਿਊਸਟਾਰ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਲਈ ਸਭ ਤੋਂ ਵੱਡੀ ਸਿਰਦਰਦੀ ਬਣ ਚੁੱਕੇ ਸਨ। ਇਨਕਲਾਬੀ ਲਹਿਰ ਦੀ ਪੇਸ਼ਕਦਮੀ ਦਾ ਰਾਹ ਰੋਕੀ ਖੜ੍ਹੀ ਖਾਲਸਤਾਨੀ ਦਹਿਸ਼ਤਗਰਦੀ ਦੀ ਗੰਭੀਰ ਚੁਣੌਤੀ ਇੰਨੀ ਪ੍ਰਤੱਖ ਹੋ ਚੁੱਕੀ ਸੀ ਕਿ ਇਸਦੇ ਖਤਰੇ ਨੂੰ ਪਹਿਲਾਂ ਘਟਾਕੇ ਵੇਖ ਰਹੀਆਂ ਕਈ ਇਨਕਲਾਬੀ ਸ਼ਕਤੀਆਂ (ਜਿਨ੍ਹਾਂ 'ਚ ਉਦੋਂ ਅੱਜ ਦੇ ਪੈਗਾਮਪੰਥੀ ਵੀ ਸ਼ਾਮਲ ਸਨ) ਵੀ ਹਕੂਮਤ ਨੂੰ ਇਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਨਾ ਕਰਨ ਕਰਨ ਲਈ ਕੋਸਣ ਲੱਗੀਆਂ ਸਨ ਅਤੇ ਇਥੋਂ ਤੱਕ ਕਿ ਖਾਲਸਤਾਨੀ ਦਹਿਸ਼ਤਗਰਦੀ ਖ਼ਿਲਾਫ਼ "ਸਾਂਝਾ ਮੋਰਚਾ" ਬਣਾਉਣ ਲਈ ਸੋਧਵਾਦੀ ਪਾਰਟੀਆਂ ਦੇ ਦਫ਼ਤਰਾਂ ਦੇ ਵੀ ਗੇੜੇ ਕੱਢਣ ਲੱਗ ਪਈਆਂ ਸਨ।

ਅਜਿਹੀ ਹਾਲਤ 'ਚ ਜਦੋਂ ਖਾਲਸਤਾਨੀ ਦਹਿਸ਼ਤਗਰਦੀ ਇਨਕਲਾਬੀ ਲਹਿਰ ਲਈ ਵੇਲੇ ਦੀ ਸਭ ਤੋਂ ਉਭਰਵੀਂ ਚੁਣੌਤੀ ਬਣ ਚੁੱਕੀ ਸੀ, ਜਦੋਂ ਇਸ ਉਲਟ ਇਨਕਲਾਬੀ ਸ਼ਕਤੀ ਨੇ ਖ਼ੁਦ ਦਰਬਾਰ ਸਾਹਿਬ 'ਤੇ ਨਹੱਕਾ ਕਬਜ਼ਾ ਕਰਕੇ—ਇਸਨੂੰ ਲੋਕਾਂ ਖ਼ਿਲਾਫ਼ ਘਿਨਾਉਣੇ ਅਪਰਾਧਾਂ ਨੂੰ ਵਿਉਂਤਣ ਅਤੇ ਅਮਲ 'ਚ ਲਿਆਉਣ ਲਈ ਆਪਣੇ ਹੈੱਡਕੁਆਟਰ 'ਚ ਬਦਲਿਆ ਹੋਇਆ ਸੀ ਤਾਂ ਮੁੱਖ ਤੌਰ 'ਤੇ ਇਨ੍ਹਾਂ ਉੱਪਰ ਹੋਏ ਹੱਲੇ ਨੂੰ ਲੋਕਾਂ 'ਤੇ ਹੋਇਆ ਹਮਲਾ ਕਹਿਕੇ ਇਸਦੇ ਵਿਰੋਧ ਦਾ ਸੱਦਾ ਦੇਣਾ—ਬਾਹਰਮੁਖੀ ਤੌਰ 'ਤੇ ਇਸ ਉਲਟ ਇਨਕਲਾਬੀ ਸ਼ਕਤੀ ਦੀ ਰਾਖੀ ਦਾ ਰੋਲ ਨਿਭਾਉਣਾ ਸੀ। ਸੋ ਜਨਤਕ ਲੀਹ 'ਚ ਛਪੀ ਇਸ ਲਿਖਤ ਅੰਦਰ ਇਨ੍ਹਾਂ ਇਨਕਲਾਬੀ ਸ਼ਕਤੀਆਂ ਦੀ ਕੀਤੀ ਗਈ ਅਲੋਚਨਾ ਐਨ ਵਾਜਬ ਸੀ।

ਜਿਵੇਂ ਕਿ ਪਹਿਲਾਂ ਜ਼ਿਕਰ ਆਇਆ ਹੈ ਇਨਕਲਾਬੀ ਜਨਤਕ ਲੀਹ ਨੇ ਖਾਲਸਤਾਨੀ ਦਹਿਸ਼ਤਗਰਦੀ ਖ਼ਿਲਾਫ਼ ਘੋਲ 'ਚ ਹਕੂਮਤ ਨੂੰ ਕਦੇ ਵੀ ਹਾਂ ਪੱਖੀ ਸ਼ਕਤੀ ਵਜੋਂ ਨਹੀਂ ਗਿਣਿਆਂ—ਸਗੋਂ ਇਸ ਘੋਲ ਦੇ ਨਿਸ਼ਾਨੇ ਵਜੋਂ ਲਿਆ ਹੈ। ਇਸ ਨਿਰਣੇ ਦੀ ਛਾਪ ਨਾ ਸਿਰਫ਼ ਕਾਂਗਰਸ ਹਕੂਮਤ ਵਲੋਂ ਪੰਜਾਬ ਮਸਲੇ 'ਚ ਅਦਾ ਕੀਤੇ ਸਮੁੱਚੇ ਰੋਲ ਸਬੰਧੀ ਸਾਡੇ ਜਾਇਜ਼ੇ 'ਤੇ ਮੌਜੂਦ ਹੈ ਸਗੋਂ ਅਪ੍ਰੇਸ਼ਨ ਬਲਿਊ ਸ਼ਟਾਰ ਸਬੰਧੀ ਇਨਕਲਾਬੀ ਜਨਤਕ ਲੀਹ ਦੇ ਪੈਂਤੜੇ 'ਤੇ ਵੀ ਮੌਜੂਦ ਸੀ। ਸਾਡਾ ਪੈਂਤੜਾ ਅਪ੍ਰੇਸ਼ਨ ਬਲਿਊ ਸਟਾਰ ਦੇ ਸੁਆਗਤ ਅਤੇ ਜੈ ਜੈ ਕਾਰ ਦਾ ਪੈਂਤੜਾ ਨਹੀਂ ਸੀ ਜਿਵੇਂ ਕਿ ਸੋਧਵਾਦੀ ਅਤੇ ਬੁਰਜੂਆ ਪਾਰਟੀਆਂ ਦਾ ਪੈਂਤੜਾ ਸੀ। ਇਸ ਦੇ ਉਲਟ ਇਹ ਕਾਂਗਰਸ ਦੇ ਉਸ ਮੁਜਰਮਾਨਾ ਰੋਲ ਨੂੰ ਬੇਨਕਾਬ ਕਰਨ ਦਾ ਪੈਂਤੜਾ ਸੀ ਜਿਸ ਕਰਕੇ ਖਾਲਸਤਾਨੀ ਦਹਿਸ਼ਤਗਰਦੀ ਇਸ ਕਦਰ ਵਧੀ ਫੁੱਲੀ ਸੀ ਅਤੇ ਅਪ੍ਰੇਸ਼ਨ ਬਲਿਊ ਸਟਾਰ ਦੀ ਨੌਬਤ ਆਈ ਸੀ। ਜਨਤਕ ਲੀਹ ਨੇ ਅਪ੍ਰੇਸ਼ਨ ਬਲਿਊ ਸਟਾਰ ਸਦਕਾ ਸਿੱਖ ਸ਼ਰਧਾਲੂਆਂ ਦੇ ਮਨਾਂ ਨੂੰ ਲੱਗੇ ਧੱਕੇ ਲਈ ਕਾਂਗਰਸੀ ਹਾਕਮਾਂ ਨੂੰ ਸਭ ਤੋਂ ਵੱਡੇ ਦੋਸ਼ੀ ਟਿੱਕਿਆ ਸੀ ਜਿਨ੍ਹਾਂ ਨੇ ਆਪਣੀਆਂ ਸੌੜੀਆਂ ਸਿਆਸੀ ਗਰਜਾਂ ਤਹਿਤ ਦਰਬਾਰ ਸਾਹਿਬ ਨੂੰ ਪਹਿਲਾਂ ਖਾਲਸਤਾਨੀ ਬੁਰਛਾਗਰਦੀ ਦਾ ਅੱਡਾ ਬਣ ਜਾਣ ਦਿੱਤਾ ਸੀ, ਸ਼ੁਰੂ 'ਚ ਬਗੈਰ ਇੰਨੀ ਵੱਡੀ ਕਾਰਵਾਈ ਦੇ ਉਨ੍ਹਾਂ ਨੂੰ ਦਰਬਾਰ ਸਾਹਿਬ 'ਚੋਂ ਨਿਕਲਣ ਲਈ ਮਜਬੂਰ ਕਰ ਸਕਣ ਦਾ ਮੌਕਾ ਜਾਣ ਬੁਝਕੇ ਲੰਘਾ ਦਿੱਤਾ ਸੀ, ਫ਼ੌਜੀ ਕਾਰਵਾਈ ਨੂੰ ਜਾਣ ਬੁੱਝ ਕੇ ਅਟੱਲ ਲੋੜ ਬਣ ਜਾਣ ਦਿੱਤਾ ਸੀ ਜਿਨ੍ਹਾਂ ਤਹਿਤ ਪਹਿਲਾਂ ਛੋਟੇ ਪੱਧਰ ਦੀ ਸਾਧਾਰਣ ਕਾਰਵਾਈ ਤੋਂ ਵੀ ਸੋਚਿਆ ਸਮਝਿਆ ਟਾਲਾ ਵੱਟਿਆ ਸੀ।

ਗੁਲਜਾਰ ਸਿੰਘ ਦੀ ਉਪਰੋਕਤ ਲਿਖਤ ਅੰਦਰ ਵੀ ਕਾਂਗਰਸੀ ਹਾਕਮਾਂ ਦੇ ਮੁਜਰਮਾਨਾ ਰੋਲ ਦਾ ਇਉਂ ਜ਼ਿਕਰ ਕੀਤਾ ਗਿਆ ਸੀ "ਖਾਲਸਤਾਨੀ ਦਹਿਸ਼ਤਗਰਦੀ ਦੇ ਏਡੇ ਗੰਭੀਰ ਪਸਾਰੇ ਲਈ ਖ਼ੁਦ ਸ਼ੈਤਾਨ ਕਾਂਗਰਸੀ ਸਿਆਸਤ ਜ਼ੁਮੇਂਵਾਰ ਸੀ ਅਤੇ ਹੁਣ ਵੀ ਕਾਂਗਰਸੀ ਹਾਕਮਾਂ ਨੇ ਇਹ ਕਦਮ ਲੋਕਾਂ ਦੇ ਜਾਨ ਮਾਲ ਨਾਲ ਕਿਸੇ ਸਰੋਕਾਰ 'ਚੋਂ ਨਹੀਂ ਸੀ ਚੁੱਕਿਆ ਸਗੋਂ ਉਦੋਂ ਚੁੱਕਿਆ ਸੀ ਜਦੋਂ..."

ਲਿਖਤ 'ਚ ਇਸ ਰੋਲ ਨੂੰ ਨੰਗਾ ਕਰਨ ਦੀ ਲੋੜ

'ਤੇ ਜ਼ੋਰ ਦਿੰਦਿਆਂ ਕਿਹਾ ਗਿਆ ਸੀ, "ਇਸ ਰੋਲ ਨੂੰ ਲੋਕਾਂ 'ਚ ਧਰਕੇ ਛੱਡਿਆ ਜਾਵੇ ਅਤੇ ਫੌਜੀ ਕਾਰਵਾਈ ਰਾਹੀਂ ਲੋਕਾਂ ਦੀ ਜਾਨ ਮਾਲ ਦੀ ਰਖਵਾਲੀ ਵਜੋਂ ਪੇਸ਼ ਹੋਣ ਦੀ ਉਹਦੀ ਕੋਸ਼ਿਸ਼ ਦਾ ਪਰਦਾਫ਼ਾਸ਼ ਕੀਤਾ ਜਾਵੇ। ਇਹ ਸਪਸ਼ਟ ਕੀਤਾ ਜਾਵੇ ਕਿ ਜੇ...ਕਾਰਵਾਈ ਹਾਲਤ ਦੀ ਅਟੱਲ ਲੋੜ ਬਣੀ ਹੈ ਅਤੇ ਇਸ ਨਾਲ ਸਿੱਖ ਜਨਤਾ ਦੇ ਜਜ਼ਬਾਤਾਂ ਨੂੰ ਧੱਕਾ ਪਹੁੰਚਿਆ ਹੈ ਤਾਂ ਇਸ ਲਈ ਕਾਂਗਰਸੀ ਹਾਕਮ ਜ਼ੁੰਮੇਵਾਰ ਹਨ"

ਪਰ ਇਨਕਲਾਬੀ ਜਨਤਕ ਲੀਹ ਦੀ ਪੁਜ਼ੀਸ਼ਨ ਉਨ੍ਹਾਂ ਇਨਕਲਾਬੀ ਸ਼ਕਤੀਆਂ ਨਾਲੋਂ ਵੀ ਵੱਖਰੀ ਸੀ ਜੋ ਦਰਬਾਰ ਸਾਹਿਬ ਦੀ ਦੁਰਵਰਤੋਂ ਕਰਨ ਅਤੇ ਫ਼ੌਜੀ ਕਾਰਵਾਈ ਲਈ ਹਾਲਤ ਪੈਦਾ ਕਰਨ ਦੇ ਦੋਸ਼ੀਆਂ ਵਜੋਂ ਖਾਲਸਤਾਨੀ ਦਹਿਸ਼ਤਗਰਦਾਂ ਦਾ ਨਾਂ ਤੱਕ ਨਹੀਂ ਸਨ ਲੈਂਦੀਆਂ। ਹੁਣ ਇਨ੍ਹਾਂ ਨੇ ਖਾਲਸਤਾਨੀ ਦਹਿਸ਼ਤਗਰਦੀ ਦੀ ਉਹ ਗੰਭੀਰ ਚੁਣੌਤੀ ਚੇਤੇ 'ਚੋਂ ਵਗਾਹ ਮਾਰੀ ਸੀ ਜਿਸ ਕਰਕੇ ਇਹ ਪਹਿਲਾਂ ਹਕੂਮਤ ਨੂੰ ਇਸਦੀ ਬੇਹਰਕਤੀ ਲਈ ਕੋਸ ਰਹੀਆਂ ਸਨ। ਕੱਲ੍ਹ ਤੱਕ ਇਨ੍ਹਾਂ ਵਲੋਂ ਇਨਕਲਾਬੀ ਲਹਿਰ ਲਈ ਸਭ ਤੋਂ ਵੱਡਾ ਚੈਲੰਜ ਸਮਝੇ ਜਾਂਦੇ ਖਾਲਸਤਾਨੀ ਦਹਿਸ਼ਤਗਰਦ ਅਚਾਨਕ ਹੀ "ਲੋਕ" ਬਣ ਗਏ ਸਨ ਅਤੇ ਮੁੱਖ ਤੌਰ 'ਤੇ ਇਨ੍ਹਾਂ 'ਤੇ ਹੋਇਆ ਹਕੂਮਤੀ ਹੱਲਾ ਲੋਕਾਂ 'ਤੇ ਹੱਲਾ ਲੱਗਣ ਪਿਆ ਸੀ ਅਤੇ ਇਸ ਨੂੰ ਠੱਪ ਕਰਵਾਉਣਾ ਜ਼ਰੂਰੀ ਲੱਗ ਪਿਆ ਸੀ।

ਜਿੰਨਾ ਚਿਰ ਫ਼ੌਜੀ ਕਾਰਵਾਈ ਦੀ ਧਾਰ ਮੁੱਖ ਤੌਰ 'ਤੇ ਖਾਲਸਤਾਨੀ ਦਹਿਸ਼ਤਗਰਦਾਂ ਖ਼ਿਲਾਫ਼ ਸੇਧੀ ਹੋਈ ਸੀ–ਉੱਨਾ ਚਿਰ ਇਸਦੇ ਵਿਰੋਧ ਦਾ ਪੈਂਤੜਾ ਇਸ ਖੂੰਖਾਰ ਲੋਕ ਦੁਸ਼ਮਣ ਤਾਕਤ ਦੀ ਸਹਾਇਤਾ ਦਾ ਪੈਂਤੜਾ ਬਣਦਾ ਸੀ। ਸੋ ਜਨਤਕ ਲੀਹ ਨੇ ਇਹ ਪੈਂਤੜਾ ਲੈਣੋਂ ਪ੍ਰਹੇਜ਼ ਕੀਤਾ। ਖਾਲਸਤਾਨੀ ਦਹਿਸ਼ਤਗਰਦਾਂ ਨੂੰ ਫ਼ੌਜੀ ਕਾਰਵਾਈ ਰਾਹੀਂ ਸੱਟ ਪੈ ਜਾਣ ਦੇ ਤੁਰੰਤ ਮਗਰੋਂ ਜਨਤਕ ਲੀਹ ਨੇ ਹਕੂਮਤੀ ਦਹਿਸ਼ਤਗਰਦੀ ਖ਼ਿਲਾਫ਼ ਘੋਲ ਦੇ ਕਾਰਜ ਨੂੰ ਮੁੱਖ ਕਾਰਜ ਵਜੋਂ ਉਭਾਰਿਆ ਜਦੋਂ ਕਿ ਫ਼ਿਰਕਾਪ੍ਰਸਤੀ ਖ਼ਿਲਾਫ਼ ਘੋਲ ਨੂੰ ਇਕ ਮਹੱਤਵ-ਪੂਰਨ ਕਾਰਜ ਵਜੋਂ ਜਾਰੀ ਰੱਖਣ ਦਾ ਪੈਂਤੜਾ ਲਿਆ।

ਜਿਥੋਂ ਤੱਕ ਅਪ੍ਰੇਸ਼ਨ ਬਲਿਊ ਸਟਾਰ ਸਮੇਂ ਫਿਰਕੂ ਫ਼ਾਸ਼ੀ ਦਹਿਸ਼ਤਗਰਦਾਂ ਦੀ ਹਾਰ ਦੀ ਇੱਛਾ ਰੱਖਣ ਦਾ ਸਵਾਲ ਹੈ–ਇਸ ਇੱਛਾ ਨੂੰ ਹਕੂਮਤੀ ਹਥਿਆਰਬੰਦ ਸ਼ਕਤੀਆਂ ਦੇ ਸਮਰਥਨ ਵਜੋਂ ਪੇਸ਼ ਕਰਨਾ ਉੱਕਾ ਹੀ ਗ਼ਲਤ ਹੈ। ਅਜਿਹਾ ਕਰਨਾ ਜਾਂ ਤਾਂ ਭੋਲੇਪਣ ਦਾ ਨਤੀਜਾ ਹੋ ਸਕਦਾ ਹੈ ਜਾਂ ਖਾਲਸਤਾਨੀ ਦਹਿਸ਼ਤਗਰਦਾਂ ਨਾਲ ਹੇਜ ਦਾ। ਜੇ ਡਾਕੂਆਂ ਦੇ ਕਿਸੇ ਗਰੋਹ ਉੱਪਰ ਉਸਦਾ ਕੋਈ ਸ਼ਰੀਕ ਗਰੋਹ ਐਨ ਉਸ ਮੌਕੇ ਹਮਲਾ ਕਰ ਦਿੰਦਾ ਹੈ ਜਦੋਂ ਪਹਿਲਾ ਗਰੋਹ ਲੋਕਾਂ ਦੀ ਲੁੱਟ-ਮਾਰ ਲਈ ਬੰਦੂਕਾਂ ਸਿੰਨ੍ਹੀ ਖੜ੍ਹਾ ਹੋਵੇ ਤਾਂ ਲੋਕਾਂ ਦਾ ਕਾਰਜ਼ ਬੰਦੂਕਾਂ ਸਿੰਨ੍ਹੀ ਖੜੇ ਗਰੋਹ ਦੀ ਰੱਖਿਆ ਕਰਨਾ ਨਹੀਂ ਬਣਦਾ। ਫੌਰੀ ਖਤਰਾ ਬਣੇ ਇਸ ਗਰੋਹ ਦੇ ਤਬਾਹ ਹੋ ਜਾਣ ਦੀ ਇੱਛਾ ਦਾ ਮਤਲਬ ਦੂਸਰੇ ਡਾਕੂ ਗਰੋਹ ਦੇ ਸਮਰਥਕ ਹੋਣਾ ਨਹੀਂ ਬਣਦਾ। ਅਜਿਹਾ ਤਾਂ ਬਣਦਾ ਹੈ ਜੇ ਕੋਈ ਦੂਸਰੇ ਗਰੋਹ ਦੀ ਕਾਰਵਾਈ ਨੂੰ ਲੋਕਾਂ ਦੇ ਹੇਜ 'ਚੋਂ ਕੀਤੀ ਕਾਰਵਾਈ ਵੱਜੋਂ ਪੇਸ਼ ਕਰੇ, ਇਸ ਗਰੋਹ ਤੋਂ ਵੀ ਚੌਕਸ ਹੋਣ ਅਤੇ ਇਸ ਕੋਲੋਂ ਆਪਣੀ ਰਾਖੀ ਦੀ ਝਾਕ ਰੱਖਣ ਅਤੇ ਇਸਦਾ ਸਮਰਥਨ ਕਰਨ ਦਾ ਹੋਕਾ ਦੇਵੇ।

ਰਹੀ ਗੱਲ ਖਾਲਸਤਾਨੀ ਦਹਿਸ਼ਤਗਰਦਾਂ ਦੇ ਛੁਪਣ ਟਿਕਾਣਿਆਂ ਨੂੰ ਨਸ਼ਟ ਕਰਨ ਅਤੇ ਉਨ੍ਹਾਂ ਨੂੰ ਫੜਕੇ ਪੁਲਸ ਹਵਾਲੇ ਸਬੰਧੀ 'ਹਰਜੀਤ ਅਟਵਾਲ' ਦੇ ਸ਼ੋਰ ਸ਼ਰਾਬੇ ਦੀ। ਜਿਸ ਲਿਖਤ ਨੂੰ "ਜੱਮੀ ਦੇ ਉਸਤਾਦਾਂ ਦੀ ਲਿਖਤ" ਗਰਦਾਨਿਆਂ ਗਿਆ ਹੈ ਉਹ ਨਾਗੀ ਰੈਡੀ ਗਰੁੱਪ ਦੇ ਨਾਂ ਨਾਲ ਜਾਣੀ ਜਾਂਦੀ ਕਮਿਊਨਿਸਟ ਇਨਕਲਾਬੀ ਜਥੇਬੰਦੀ ਦੀ ਲਿਖਤ ਹੈ। ਤੋੜ ਮਰੋੜ ਦਾ ਇਸ ਸੱਜਣ ਦਾ ਸੁਭਾਵਕ ਸ਼ੌਕ ਇਥੇ ਵੀ ਰੰਗ ਵਿਖਾਉਂਦਾ ਹੈ ਅਤੇ ਉਹ ਗੱਲ ਨੂੰ ਵੀ ਪ੍ਰਸੰਗ ਨਾਲੋਂ ਤੋੜਕੇ ਅਤੇ ਮਨਚਾਹੇ ਰੰਗ 'ਚ ਪੇਸ਼ ਕਰਦਾ ਹੈ। ਇਸ ਲਿਖਤ ਅੰਦਰ ਇਹ ਸਵਾਲ ਵੀ ਵਿਚਾਰ ਅਧੀਨ ਲਿਆਂਦਾ ਗਿਆ ਹੈ ਕਿ ਕੀ ਕਿਸੇ ਜਨਤਕ ਜੱਥੇਬੰਦੀ ਵੱਲੋਂ ਖਾਲਸਤਾਨੀ ਦਹਿਸ਼ਤਗਰਦਾਂ ਖ਼ਿਲਾਫ਼ ਪੁਲਸ ਕਾਰਵਾਈ ਦੀ ਮੰਗ ਕਰਨਾ ਅਤੇ ਇਸ ਖਾਤਰ ਸੰਘਰਸ਼ ਕਰਨਾ ਹਕੂਮਤ ਦਾ ਟਾਊਟਪੁਣਾ ਹੈ? ਲਿਖਤ ਅੰਦਰ ਇਹ ਪੁਜ਼ੀਸ਼ਨ ਲਈ ਗਈ ਹੈ ਕਿ ਕਿਸੇ ਜਨਤਕ ਜਥੇਬੰਦੀ ਵੱਲੋਂ (ਜੋ ਕਿਸੇ ਅੰਡਰ-ਗਰਾਊਂਡ ਇਨਕਲਾਬੀ ਪਾਰਟੀ ਵਾਂਗ ਸਥਾਪਤ ਕਾਨੂੰਨ ਪ੍ਰਬੰਧ ਤੋਂ ਐਲਾਨੀਆਂ ਬਾਹਰ ਨਹੀਂ ਹੋ ਸਕਦੀ ਅਤੇ ਖਾਲਸਤਾਨੀ ਦਹਿਸ਼ਤਗਰਦਾਂ ਨੂੰ ਮਾਰ ਮਕਾਉਣ ਦੀ ਐਲਾਨੀਆਂ ਪੁਜ਼ੀਸ਼ਨ ਨਹੀਂ ਲੈ ਸਕਦੀ) ਲੋਕਾਂ ਲਈ ਖ਼ਤਰਾ ਬਣੇ ਕਿਸੇ ਖੂਨੀ ਖਾਲਿਸਤਾਨੀ ਦੇ ਹੱਥ ਆ ਜਾਣ 'ਤੇ ਉਸਨੂੰ ਪੁਲਸ ਹਵਾਲੇ ਕਰਕੇ ਕਾਨੂੰਨੀ ਕਾਰਵਾਈ ਦੀ ਮੰਗ ਕਰਨਾ ਕੋਈ ਗ਼ੈਰ-ਵਾਜਬ ਗੱਲ ਨਹੀਂ ਹੈ। ਇਹ ਵਿਆਖਿਆ ਕੀਤੀ ਗਈ ਹੈ ਕਿ 'ਖਾਲਸਤਾਨੀ ਦਹਿਸ਼ਤਗਰਦਾਂ ਪ੍ਰਤੀ ਹਕੂਮਤੀ ਰਵਈਏ ਦੇ ਦੋਵੇਂ ਪੱਖ ਹਨ। ਇਨ੍ਹਾਂ 'ਤੇ ਹੱਲਾ ਬੋਲਣ ਦੇ ਪੱਖ ਦੇ ਨਾਲ ਨਾਲ, ਸਮੇਂ ਸਮੇਂ ਵੱਖ ਗਿਣਤੀਆਂ ਮਿਣਤੀਆਂ ਤਹਿਤ ਇਨ੍ਹਾਂ ਪ੍ਰਤੀ ਬੇਹਰਕਤੀ ਦਾ ਪੱਖ ਵੀ ਹੈ। ਖਾਸ ਕਰਕੇ ਇਨਕਲਾਬੀ ਸ਼ਕਤੀਆਂ

'ਤੇ ਖਾਲਸਤਾਨੀ ਦਹਿਸ਼ਤਗਰਦਾਂ ਦੇ ਹਮਲਿਆਂ ਸਮੇਂ ਇਹ ਪੱਖ ਉਘੜਵੇਂ ਰੂਪ 'ਚ ਸਾਹਮਣੇ ਆਉਂਦਾ ਹੈ ਜਿਸ ਖ਼ਿਲਾਫ਼ ਸੰਘਰਸ਼ ਕਰਨਾ ਬਣਦਾ ਹੈ। ਪਰ ਇਹ ਪੈਗਾਮਪੰਥੀ ਲੇਖਕ ਨਾ ਲਿਖਤ ਦੇ ਪ੍ਰਸੰਗ ਵੱਲ ਮੂੰਹ ਕਰਦਾ ਹੈ ਨਾ ਇਸ 'ਚ ਦਿੱਤੀਆਂ ਦਲੀਲਾਂ ਵੱਲ ਮੂੰਹ ਕਰਦਾ ਹੈ–ਸਿਰਫ਼ ਇਸ ਅਧਾਰ 'ਤੇ ਟਾਊਟਪੁਣੇ ਦਾ ਚਗਲਿਆ ਇਲਜ਼ਾਮ ਲਾ ਧਰਦਾ ਹੈ ਕਿ ਕਿਸੇ ਜਨਤਕ ਜਥੇਬੰਦੀ ਵੱਲੋਂ ਕਿਸੇ ਖਾਲਸਤਾਨੀ ਮੁਜਰਮ ਨੂੰ ਪੁਲਸ ਹਵਾਲੇ ਕਰਨ ਦੀ ਸੰਭਾਵਨਾ ਰੱਦ ਕਿਉਂ ਨਹੀਂ ਕੀਤੀ ਗਈ।

ਹਕੂਮਤ ਦਾ ਟਾਊਟਪੁਣਾ ਲੋਕਾਂ ਦੇ ਹਿੱਤਾਂ ਖ਼ਿਲਾਫ਼ ਇਸਦੀ ਸਹਾਇਤਾ ਕਰਨਾ ਹੁੰਦਾ ਹੈ–ਲੋਕ ਦੁਸ਼ਮਣ ਸ਼ਕਤੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਇਸ ਤੇ ਦਬਾਅ ਪਾਉਣਾ ਟਾਊਟਪੁਣਾ ਨਹੀਂ ਹੁੰਦਾ।

ਖਾਲਸਤਾਨੀ ਦਹਿਸ਼ਤਗਰਦਾਂ ਕੋਲੋਂ ਲੋਕਾਂ ਦੀਆਂ ਜ਼ਿੰਦਗੀਆਂ ਲਈ ਖ਼ਤਰਾ ਕਿਸੇ ਤੋਂ ਛੁਪਿਆ ਨਹੀਂ ਹੈ। ਕੀ ਇਨ੍ਹਾਂ ਤੋਂ ਚੌਕਸੀ ਰੱਖਣੀ ਅਤੇ ਆਪਣੇ ਬਚਾਅ ਲਈ ਇਨ੍ਹਾਂ ਦੀਆਂ ਲੁਕਣਥਾਵਾਂ ਤੋਂ ਜਾਣੂ ਹੋਣਾ ਲੋਕਾਂ ਦੀ ਲੋੜ ਅਤੇ ਹੱਕ ਨਹੀਂ ਹੈ? ਕਿਸੇ ਵੀ ਪਲ ਦਰਜਨਾਂ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਸਕਣ ਦੇ ਸਿਰ ਮੰਡਲਾਉਂਦੇ ਖਤਰੇ ਦੇ ਬਾਵਜੂਦ, ਕਿਸੇ ਖੂਨੀ ਗਰੋਹ ਦੀ ਠਾਹਰ ਦਾ ਪਤਾ ਹੋਣ 'ਤੇ ਵੀ ਇਸਨੂੰ ਲੋਕਾਂ 'ਚ ਨਸ਼ਰ ਨਾ ਕਰਨ 'ਚ ਕਿਸੇ ਲੋਕ ਦੁਸ਼ਮਣ ਦੀ ਹੀ ਦਿਲਚਸਪੀ ਹੋ ਸਕਦੀ ਹੈ ਅਤੇ ਅਜਿਹਾ ਕੀਤੇ ਜਾਣ 'ਤੇ ਕੋਈ ਖਾਲਸਤਾਨੀ ਦਹਿਸ਼ਤਗਰਦਾਂ ਦਾ ਟਾਊਟ ਹੀ ਲੋਹਾ ਲਾਖਾ ਹੋ ਸਕਦਾ ਹੈ। ਅਜਿਹੀ ਹਾਲਤ 'ਚ ਲੋਕਾਂ ਦੀ ਸੁਰੱਖਿਆ ਨੂੰ ਮੱਦੇ ਨਜ਼ਰ ਰਖਦਿਆਂ ਹਕੂਮਤੀ ਮਸ਼ੀਨਰੀ 'ਤੇ ਹਰਕਤ 'ਚ ਆਉਣ ਲਈ ਦਬਾਅ ਪਾਉਣਾ ਲੋਕਾਂ ਦਾ ਹੱਕ ਵੀ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਤਕਾਜ਼ਾ ਵੀ।

ਪਿਛਲੇ ਦਿਨਾਂ ਦੀ ਇਕ ਠੋਸ ਮਿਸਾਲ ਹੈ। ਪਾਸ਼ ਨੂੰ ਕਤਲ ਕਰਨ ਵਾਲੇ ਖੂਨੀ ਗਰੋਹ ਨੇ ਕਤਲ ਤੋਂ ਤੁਰੰਤ ਬਾਅਦ ਨੇੜਲੇ ਪਿੰਡ 'ਚ ਸ਼ਰਨ ਲਈ। ਇਹ ਟਿਕਾਣਾ ਪਤਾ ਲੱਗ ਜਾਣ ਦੇ ਬਾਵਜੂਦ ਉੱਚ ਪੁਲਸ ਅਧਿਕਾਰੀਆਂ ਨੇ ਸਬੰਧਤ ਪਰਿਵਾਰ ਦੀ ਹਿਫ਼ਾਜ਼ਤ ਕੀਤੀ ਅਤੇ ਉਸ ਨੂੰ ਹਿਰਾਸਤ 'ਚ ਲੈ ਕੇ ਪੁੱਛ ਗਿੱਛ ਤੱਕ ਨਹੀਂ ਕੀਤੀ। ਕੀ ਇਹ ਠਾਹਰ ਲੋਕਾਂ 'ਚ ਨਸ਼ਰ ਕਰਕੇ, ਪੁਲਸ ਮਸ਼ੀਨਰੀ ਦੀ ਬੇਹਰਕਤੀ ਦਾ ਪਰਦਾਫਾਸ਼ ਕਰਨਾ ਪੁਲਸ ਦਾ ਟਾਊਟਪੁਣਾ ਹੈ! ਲੋਕ-ਦੁਸ਼ਮਣ ਖਾਲਸਤਾਨੀ ਦਹਿਸ਼ਤਗਰਦਾਂ ਦੇ ਹੇਜ 'ਚ ਗੜੁੱਚ ਕੋਈ ਵਿਅਕਤੀ ਹੀ ਸੋਚ ਸਕਦਾ ਹੈ ਕਿ ਇਨ੍ਹਾਂ ਗਰੋਹਾਂ ਦੀਆਂ ਠਾਹਰਾਂ ਬਾਰੇ ਲੋਕਾਂ ਨੂੰ ਬੇਖਬਰ ਰੱਖਕੇ, ਹੋਰ ਲੋਕ ਆਗੂਆਂ ਦਾ ਮੌਜ ਨਾਲ ਸ਼ਿਕਾਰ ਖੇਡਣ 'ਚ ਇਨ੍ਹਾਂ ਦੀ ਸਹਾਇਤਾ ਕੀਤੀ ਜਾਵੇ!

ਸੋ ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ਼ ਲੋਕਾਂ ਦਾ ਹੱਕੀ ਸੰਘਰਸ਼ ਉਸੇ ਖਾਤਰ ਸਰਕਾਰ ਭਰਾਤੀ ਹੋ ਸਕਦਾ ਹੈ—ਜੋ ਇਨ੍ਹਾਂ ਫਾਸ਼ੀ ਗਰੋਹਾਂ ਨਾਲ ਗੂੜ੍ਹੀ ਮਿੱਤਰਤਾ ਭਰਿਆ ਰਿਸ਼ਤਾ ਰੱਖ ਰਿਹਾ ਹੋਵੇ। 'ਹਰਜੀਤ ਅਟਵਾਲ' ਇਉਂ ਹੀ ਸਮਝਦਾ ਹੈ–ਪਰ ਖੁਲ੍ਹਕੇ ਇਉਂ ਕਹਿਣ ਦੀ ਜੁਰੱਅਤ ਨਹੀਂ ਕਰਦਾ ਕਿਉਂਕਿ ਪੈਗਾਮ ਪੰਥੀ ਵਿਚਾਰਾਂ ਦੇ ਮਾਲ ਨੂੰ "ਸਮਤਾ" ਦੇ ਕਾਲਮਾਂ 'ਚ ਸਮਗਲ ਕਰਨ ਲਈ ਇਉਂ ਕਰਨਾ ਜ਼ਰੂਰੀ ਸੀ। o

## 6. ਸਾਥੀ ਹਰਜੀਤ ਸਿੰਘ ਦੀ ਇਕ ਚਿੱਠੀ ਦੇ ਜੁਆਬ ਵਿਚ

**ਜਸਵਿੰਦਰ ਢਿਲੋਂ**

ਸਮਤਾ ਅਪ੍ਰੈਲ ਅੰਕ ਵਿਚ ਛਪੀ ਸਾਥੀ ਜਸਪਾਲ ਜੱਸੀ ਦੀ ਚਿੱਠੀ ਦੇ ਪ੍ਰਤੀਕਰਮ ਵਜੋਂ ਸਮਤਾ ਜੂਨ ਅੰਕ 'ਚ ਕੁਝ ਸਾਥੀਆਂ ਦੀਆਂ ਚਿੱਠੀਆਂ ਪੜ੍ਹੀਆਂ। ਇਹਨਾਂ ਸਾਥੀਆਂ ਵਿਚੋਂ ਕੁਝ ਨੇ ਤੱਥਾਂ ਨੂੰ ਤੋੜ-ਮਰੋੜ ਕੇ ਜਸਪਾਲ ਜੱਸੀ ਦੇ ਵਿਚਾਰਾਂ ਨੂੰ ਗਲਤ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ! ਜਿਨ੍ਹਾਂ ਵਿਚੋਂ ਅਸੀਂ ਏਥੇ ਹਰਜੀਤ ਸਿੰਘ ਦੀ ਚਿੱਠੀ ਦਾ ਵਿਸ਼ੇਸ਼ ਤੌਰ ਉਤੇ ਜ਼ਿਕਰ ਕਰ ਰਹੇ ਹਾਂ!

ਜੁਲਾਈ 85 ਦੇ ਜਨਤਕ ਲੀਹ ਵਿਚ ਸਾਥੀ ਗੁਲਜ਼ਾਰ ਸਿੰਘ "ਪੰਜਾਬ ਸਮਸਿਆ ਸੰਘਰਸ਼ ਕਮੇਟੀ ਦੀ ਦੁਵਰਤੋਂ" ਸੰਬੰਧੀ ਪੜਚੋਲ ਕਰਦੇ ਇਕ ਥਾਂ ਲਿਖਦੇ ਹਨ; 'ਖਾਲਸਤਾਨੀ ਦਹਿਸ਼ਤਗਰਦਾਂ ਖਿਲਾਫ ਹਕੂਮਤ ਵਲੋਂ ਹੱਲਾ ਬੋਲਿਆ ਜਾਣਾ **ਲੋਕਾਂ ਦੀ ਇਨਕਲਾਬੀ ਲਹਿਰ ਲਈ** ਮਾੜੀ ਗੱਲ ਨਹੀਂ ਸੀ **ਇਸ ਗੱਲ ਦੇ ਬਾਵਜੂਦ ਕਿ ਹਕੂਮਤੀ ਹਥਿਆਰਬੰਦ ਸਕਤੀ ਲੋਕਾਂ ਦੀ ਦੁਸ਼ਮਣ ਤਾਕਤ ਸੀ ਜਿਨਾਂ ਚਿਰ ਇਹਦਾ ਹੱਲਾ ਪੰਜਾਬ ਦੀਆਂ ਲੋਕ ਸ਼ਕਤੀਆਂ ਦੇ ਵੇਲੇ ਦੇ ਸਭ ਤੋਂ ਖਤਰਨਾਕ ਦੁਸ਼ਮਣ ਖਿਲਾਫ ਸੇਧਿਆ ਹੋਇਆ ਸੀ** ਲੋਕਾਂ ਲਈ ਇਸਦੇ ਵਿਰੋਧ ਦਾ ਕਾਰਣ ਨਹੀਂ ਸੀ ਬਣਦਾ ਸਗੋਂ ਹਰ ਲੋਕ ਪੱਖੀ ਲਈ ਹਕੂਮਤੀ ਹਥਿਆਰ ਬੰਦ ਸ਼ਕਤੀਆਂ ਅਤੇ ਫਿਰਕੂ ਦਹਿਸ਼ਤਗਰਦਾਂ ਦੀ ਟੱਕਰ 'ਚੋਂ ਫਿਰਕੂ ਦਹਿਸ਼ਤ-ਗਰਦਾਂ ਦੀ ਹਾਰ ਦੀ ਇੱਛਾ ਰਖਣੀ ਬਣਦੀ ਸੀ।"

ਹਰਜੀਤ ਸਿੰਘ ਨੇ ਉਪਰੋਕਤ ਪਹਿਰੇ ਵਿਚੋਂ ਅੰਡਰ ਲਾਈਨ ਕੀਤੀਆਂ ਸਾਰੀਆਂ ਲਾਈਨਾਂ ਗਾਇਬ ਕਰ ਦਿਤੀਆਂ ਹਨ ਤੇ ਇਸ ਪਹਿਰੇ ਦੀਆਂ ਬਾਕੀ ਸਤਰਾਂ

ਦਾ ਹਵਾਲਾ ਦੇ ਕੇ ਆਪਣੀ ਚਿੱਠੀ 'ਚ ਜੱਸੀ ਤੇ ਉਸਦੇ ਸਾਥੀਆਂ ਤੇ ਕਈ ਤਰ੍ਹਾਂ ਦੀ ਤੋਹਮਤਬਾਜ਼ੀ ਕੀਤੀ ਹੈ ! ਜਦੋਂ ਕਿ ਸਾਥੀ ਗੁਲਜ਼ਾਰ ਸਿੰਘ ਉਪਰੋਕਤ ਲਿਖਤ ਦੇ ਉਪਰੋਕਤ ਤੋਂ ਅਗਲੇ ਪਹਿਰੇ ਵਿਚ ਆਪਣੀ ਗੱਲ ਨੂੰ ਹੋਰ ਵੀ ਸਪਸ਼ਟ ਕਰਦੇ ਹੋਏ ਲਿਖਦੇ ਹਨ, "ਖਾਲਸ-ਲਹਿਰ ਨੂੰ ਤਕੜਾਈ ਬਖਸ਼ਣ 'ਚ ਕਾਂਗਰਸ ਹਾਕਮਾਂ ਦਾ ਰੋਲ ਇਸ ਗੱਲ ਦੀ ਮੰਗ ਕਰਦਾ ਸੀ ਕਿ ਇਸ ਰੋਲ ਨੂੰ ਲੋਕਾਂ 'ਚ ਧਰਕੇ ਛੰਡਿਆ ਜਾਵੇ ਅਤੇ ਫੌਜੀ ਕਾਰਵਾਈ ਰਾਹੀਂ ਲੋਕਾਂ ਦੀ ਜਾਨਮਾਲ ਦੀ ਰਖਵਾਲੀ ਵਜੋਂ ਪੇਸ਼ ਹੋਣ ਦੀ ਉਸਦੀ ਕੋਸ਼ਿਸ਼ ਦਾ ਪਰਦਾ ਫਾਸ਼ ਕੀਤਾ ਜਾਵੇ, ਇਹ ਸਪਸ਼ਟ ਕੀਤਾ ਜਾਵੇ ਕਿ ਜੇ ਫਿਰਕੂ ਦਹਿਸ਼ਤਪਸੰਦਾਂ ਖਿਲਾਫ ਸਖਤ ਹਕੂਮਤੀ ਕਾਰਵਾਈ ਦੀ ਲੋੜ ਬਣੀ ਹੈ ਅਤੇ ਇਸ ਨਾਲ ਸਿੱਖ ਜਨਤਾ ਦੇ ਜਜ਼ਬਾਤਾਂ ਨੂੰ ਧੱਕਾ ਪਹੁੰਚਿਆ ਹੈ ਤਾਂ ਇਸ ਲਈ ਕਾਂਗਰੇਸੀ ਹਾਕਮ ਜ਼ੁੰਮੇਵਾਰ ਹਨ ਪਰ ਇਸਦਾ ਇਹ ਅਰਥ ਨਹੀਂ ਸੀ ਬਣਦਾ ਕਿ ਜਮਹੂਰੀ ਸ਼ਕਤੀਆਂ ਖਾਲਸਤਾਨੀ ਦਹਿਸ਼ਤ-ਗਰਦਾਂ ਖ਼ਿਲਾਫ਼ ਅਜਿਹੀ ਕਾਰਵਾਈ ਦੀ ਅਟਲ ਲੋੜ ਨੂੰ ਤਸਲੀਮ ਕਰਨ ਤੋਂ ਹੀ ਇਨਕਾਰੀ ਹੋ ਜਾਣ ਅਤੇ ਪੰਜਾਬ ਅੰਦਰ ਇਨਕਲਾਬੀ ਜਮਹੂਰੀ ਲਹਿਰ ਦੀ ਮੁੱਖ ਦੁਸ਼ਮਣ ਬਣਕੇ ਉਭਰੀ ਤਾਕਤ ਖਿਲਾਫ ਸੇਧਤ ਹੱਲੇ ਦਾ ਵਿਰੋਧ ਕਰਨ ਦੇ ਰਾਹ ਪੈ ਤੁਰਨ, ਖ਼ਾਸ ਕਰਕੇ ਜਦੋਂ ਇਨ੍ਹਾਂ ਜਮਹੂਰੀ ਸ਼ਕਤੀਆਂ ਵਲੋਂ ਆਪ੍ਰੇਸ਼ਨ ਬਲਿਊ ਸਟਾਰ ਤੋਂ ਝੱਟ ਪਹਿਲਾਂ ਤੱਕ ਇੰਦਰਾ ਹਕੂਮਤ ਨੂੰ ਖਾਲਸਤਾਨੀ ਦਹਿਸ਼ਤ-ਪਸੰਦਾਂ ਖਿਲਾਫ ਸਖਤ ਹਕੂਮਤੀ ਕਾਰਵਾਈ ਨਾ ਕਰਨ ਖਾਤਰ ਛੰਡਿਆ ਜਾ ਰਿਹਾ ਸੀ ।"

ਸਮੁਚੀ ਲਿਖਤ ਵਿਚ ਕਿਹਾ ਗਿਆ ਹੈ ਜਿਵੇਂ ਕਿ ਲੇਖਕ ਦੇ ਖੁਦ ਆਪਣੇ ਸ਼ਬਦਾਂ 'ਚ "ਅਕਾਲ ਤਖ਼ਤ ਦੀ ਤਬਾਹੀ ਲਈ ਸਿਰਫ ਹਕੂਮਤ ਨੂੰ ਕੋਸਣਾ ਅਤੇ ਖਾਲਸਤਾਨੀ ਅਨਸਰਾਂ ਬਾਰੇ ਚੁੱਪ ਵੱਟਣੀ, ਲੋਕਾਂ ਦੇ ਹਕੂਮਤ ਵਿਰੋਧੀ ਗੁਸੇ ਨੂੰ ਸਿੱਖ ਦਹਿਸ਼ਤਪਸੰਦਾਂ ਦੀ ਝੋਲੀ ਪਾਉਣਾ ਹੈ ।"

ਗੁਲਜ਼ਾਰ ਸਿੰਘ ਨੇ ਜਨਤਕਲੀਹ ਦੇ ਜੁਲਾਈ 85 ਅੰਕ ਵਿਚ ਕੀ ਲਿਖਿਆ ਹੈ, ਇਹ ਗੱਲ ਬਿਲਕੁਲ ਸਾਡੇ ਸਾਮਣੇ ਸਾਫ ਹੈ, ਪਰ ਹਰਜੀਤ ਸਿੰਘ ਨੇ ਜਾਣ ਕੇ ਜੱਸੀ ਅਤੇ ਉਸਦੇ ਸਾਥੀਆਂ ਦੇ ਵਿਚਾਰਾਂ ਦੀ ਗ਼ਲਤ ਤਸਵੀਰ ਬਣਾ ਕੇ ਪੇਸ਼ ਕੀਤੀ ਹੈ । ਹਰਜੀਤ ਸਿੰਘ ਇਕ ਹੋਰ ਥਾਂ ਆਪਣੀ ਚਿੱਠੀ ਵਿਚ ਲਿਖਦਾ ਹੈ :

"ਜੱਸੀ ਕਹਿੰਦਾ ਹੈ (ਹਰਜੀਤ ਸਿੰਘ ਮੁਤਾਬਕ)... ਸਰਕਾਰੀ ਦਹਿਸ਼ਤਗਰਦੀ ਦੇ ਵਧਨ-ਫੁੱਲਣ ਲਈ ਖਾਲਸਤਾਨੀ ਦਹਿਸ਼ਤਗਰਦੀ ਜ਼ੁਮੇਵਾਰ ਹੈ ।"

ਜਦੋਂ ਕਿ ਅਸਲ ਵਿਚ ਜਸਪਾਲ ਜੱਸੀ ਨੇ ਲਿਖਿਆ ਸੀ ਕਿ ਜਿਥੇ ਹਕੂਮਤੀ ਜਬਰ ਫਿਰਕੂ ਜਨੂੰਨੀ ਪੈਦਾ ਕਰਨ ਲਈ ਜ਼ਮੀਨ ਤਿਆਰ ਕਰ ਰਿਹਾ ਹੈ ਉਥੇ ਦੂਜੇ ਪਾਸੇ ਸਿੱਖ ਦਹਿਸ਼ਤਗਰਦ ਟੋਲੇ ਸਰਕਾਰੀ ਦਹਿਸ਼ਤਗਰਦੀ ਦੇ ਵਧਨ-ਫੁਲਣ ਲਈ ਜ਼ੁਮੇਵਾਰ ਹਨ ।' ਪਰ ਇਥੋਂ ਵੀ ਹਰਜੀਤ ਸਿੰਘ ਨੇ ਪਹਿਲੀ ਗੱਲ ਤਾਂ ਅਸਲੋਂ ਹੀ ਉਡਾ ਦਿੱਤੀ ਹੈ ਤੇ ਮਗਰਲੀ ਗੱਲ ਨੂੰ ਲੈ ਕੇ ਆਪਣੀ ਮਨ ਮਰਜ਼ੀ ਦੇ ਅਰਥ ਕੱਢ ਲਏ ਹਨ !

ਅੰਤ ਵਿਚ ਹਰਜੀਤ ਸਿੰਘ ਨੇ "ਜਬਰ ਅਤੇ ਫ਼ਿਰਕਾਪ੍ਰਸਤੀ ਵਿਰੋਧੀ ਫਰੰਟ" ਸੰਬੰਧੀ ਵੀ ਕਈ ਦੋਸ਼ ਲਾਏ ਹਨ । ਉਸਦੇ ਮੁਤਾਬਕ ਜੱਸੀ ਦੇ ਉਸਤਾਦ "ਜਬਰ ਅਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ" ਬਾਰੇ ਆਪਣੀ ਇਕ ਲਿਖਤ 'ਚ ਲਿਖਦੇ ਹਨ ਕਿ ਸਾਨੂੰ ਦਹਿਸ਼ਤਪਸੰਦਾਂ ਦੇ ਛੁਪਣ ਦੇ ਠਿਕਾਣਿਆਂ ਦਾ ਪਤਾ ਕਰਕੇ ਸ਼ਰੇਆਮ ਨਸ਼ਰ ਕਰਨਾ ਅਤੇ ਖੁਦ ਪਕੜ ਕੇ ਪੁਲਸ ਦੇ ਹਵਾਲੇ ਕਰਨਾ ਚਾਹੀਦਾ ਹੈ ।

ਸਾਰੇ ਸਾਥੀ ਜਾਣਦੇ ਹਨ; "ਜਬਰ ਅਤੇ ਫਿਰਕਾ-ਪ੍ਰਸਤੀ ਵਿਰੋਧੀ ਫਰੰਟ" ਇਕ ਪਾਸੇ ਸਰਕਾਰੀ ਜਬਰ ਦਾ ਸਖ਼ਤ ਵਿਰੋਧੀ ਹੈ ਅਤੇ ਦੂਜੇ ਪਾਸੇ ਉਹ ਸਿੱਖ ਜਨੂੰਨੀਆਂ ਵਲੋਂ ਨਿਰਦੋਸ਼ ਲੋਕਾਂ ਦੇ ਹੋ ਰਹੇ ਕਤਲਾਂ ਦਾ ਡਟਵਾਂ ਵਿਰੋਧ ਕਰਦਾ ਆ ਰਿਹਾ ਹੈ । ਫਰੰਟ ਲੋਕਾਂ ਨੂੰ ਸਿਰ ਫਿਰੇ ਸਿੱਖ ਜਨੂੰਨੀਆਂ ਨਾਲ ਜਥੇਬੰਦ ਹੋ ਕੇ ਹਥਿਆਰਬੰਦ ਟੱਕਰ ਲੈਣ ਲਈ ਲਾਮਬੰਦ ਕਰਨ ਲਈ ਜਤਨਸ਼ੀਲ ਹੈ । ਫਰੰਟ ਦਾ ਮੁਖ ਨਾਅਰਾ ਵੀ ਇਹੋ ਹੈ, ਹੈ, "ਸਰਕਾਰਾਂ ਤੋਂ ਨਾ ਝਾਕ ਕਰੋ ਆਪਣੀ ਰਾਖੀ ਆਪ ਕਰੋ !"

ਸਮਤਾ ਜੂਨ ਅੰਕ ਵਿਚ ਹੀ, "ਇਨਕਲਾਬੀ ਏਕਤਾ ਕੇਂਦਰ" ਦੇ ਸੂਬਾ ਮੈਂਬਰ ਲਿਖਦੇ ਹਨ ਕਿ ਕਮਿਊਨਿਸਟ ਇਨਕਲਾਬੀਆਂ ਨੂੰ ਇਕ ਘਟੋ ਘੱਟ ਸਮਝ ਦੇ ਆਧਾਰ ਤੇ ਸਾਂਝਾ ਪਲੇਟ ਫਾਰਮ ਉਸਾਰਨ ਦਾ ਉਪਰਾਲਾ ਕਰਨਾ ਚਾਹੀਦਾ ਹੈ ਤਾਂਕਿ ਕਮਿਊ: ਇਨ੍ਹਾਂ ਖਿੰਡੀਆਂ ਪੁੰਡੀਆਂ ਸ਼ਕਤੀਆਂ ਨੂੰ ਇਕ ਸਾਝੇ ਪਲੇਟ ਫਾਰਮ ਉਪਰ ਇਕੱਠਾ ਕੀਤਾ ਜਾ ਸਕੇ । ਸਾਥੀ ਦੀ ਇਹ ਗੱਲ ਸੱਚਮੁੱਚ ਸ਼ਲਾਘਾ-ਯੋਗ ਹੈ । ਅੱਜ ਸਮੇਂ ਦੀ ਇਹੋ ਇਕੋ ਇਕ ਮੰਗ ਵੀ ਹੈ !

ਅੰਤ ਵਿਚ ਸਾਡਾ ਹਰਜੀਤ ਸਿੰਘ ਜਿਹੇ ਲੋਕਾਂ ਨੂੰ ਇਹੋ ਕਹਿਣਾ ਹੈ ਕਿ ਉਹ ਸਮੇਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਆਪਣੀਆਂ ਇਹ ਗ਼ੈਰ ਜ਼ੁੰਮੇਵਾਰ ਕਾਰਵਾਈਆਂ ਨਾ ਕਰਨ ਕਿਉਂਕਿ ਉਹਨਾਂ ਦੀਆਂ ਇਹਨਾਂ ਹਰਕਤਾਂ ਨਾਲ ਕਮਿਊ: ਇਨ: ਲਹਿਰ ਅੰਦਰ ਐਵੇਂ ਖਾਹ-ਮ-ਖਾਹ ਗ਼ਲਤ-ਫ਼ਹਿਮੀਆਂ ਹੀ ਪੈਦਾ ਹੋਣਗੀਆਂ ਜਿਸ ਨਾਲ ਪਹਿਲਾਂ ਤੋਂ ਹੀ ਖਿੰਡੀ-ਪੁੰਡੀ ਕਮਿਊ: ਇਨ: ਲਹਿਰ 'ਚ ਹੋਰ ਪਾੜਾ ਵਧੇਗਾ । o

## 7. ਜਸਪਾਲ ਜੱਸੀ ਨੂੰ ਤਿੰਨ ਸੁਆਲ

ਜਸਪਾਲ ਜੱਸੀ ਦੁਆਰਾ ਬਹਿਸ ਨੂੰ ਅੱਗੇ ਤੋਰਨ ਦੇ ਯਤਨ ਨੂੰ ਜੀ ਆਇਆਂ ਕਹਿਣਾ ਬਣਦਾ ਹੈ। ਇਸ ਬਹਿਸ ਵਿਚੋਂ ਸਾਰਥਕ ਸਿੱਟੇ ਕੱਢਣ ਲਈ ਕੁਝ ਬੁਨਿਆਦੀ ਪੌਜ਼ੀਸ਼ਨਾਂ ਬਾਰੇ ਜੱਸੀ ਕੋਲੋਂ ਸਪਸ਼ਟੀਕਰਣ ਆਉਣੇ ਜ਼ਰੂਰੀ ਹਨ। ਜੇ ਉਹ ਹੇਠ ਲਿਖੇ ਤਿੰਨ ਸੁਆਲਾਂ ਦੇ ਜੁਆਬ ਸਪਸ਼ਟ ਅਰਥਾਂ ਵਿਚ ਦੇ ਸਕੇ ਤਾਂ ਇਹ ਬਹਿਸ ਇਨਕਲਾਬੀ ਸਫਾਂ ਲਈ ਬਹੁਤ ਹੀ ਲਾਹੇਵੰਦੀ ਤੇ ਸਿਖਿਆਦਾਇਕ ਸਾਬਤ ਹੋ ਸਕਦੀ ਹੈ। ਜਸਪਾਲ ਜੱਸੀ ਨੇ ਆਪਣੇ ਵਲੋਂ ਪੇਸ਼ ਕੀਤੀ ਇਸ "ਮਾਰਕਸਵਾਦੀ ਧਾਰਨਾ" ਨੂੰ ਵੱਡੀ ਅਹਿਮੀਅਤ ਦਿੱਤੀ ਹੈ ਕਿ "ਕਿਸੇ ਸਮਾਜਕ ਤਾਕਤ ਦੀਆਂ ਕਾਰਵਾਈਆਂ ਦੀ ਖਸਲਤ ਨੂੰ...ਉਸਦਾ ਜਮਾਤੀ-ਸਿਆਸੀ ਕਿਰਦਾਰ ਫੈਸਲਾਕੁਨ ਤੌਰ 'ਤੇ ਨਿਰਧਾਰਤ ਕਰਦਾ ਹੈ"। ਇਸ ਆਧਾਰ ਤੇ ਜਸਤਾਲ ਜੱਸੀ ਇਹ ਸਪਸ਼ਟ ਕਰੇ ਕਿ—

(1) ਖਾਲਿਸਤਾਨੀ ਦਹਿਸ਼ਤਗਰਦ ਕਿਸ ਜਮਾਤ ਦੇ ਹਿੱਤਾਂ ਦੀ ਤਰਜਮਾਨੀ ਕਰਦੇ ਹਨ? [ਇਹ ਸੁਆਲ ਉਸਨੂੰ ਪਹਿਲਾਂ ਵੀ ਕਿਸੇ ਪਾਠਕ ਨੇ ਪੁਛਿਆ ਸੀ ਪਰ ਜੱਸੀ ਵੱਲੋਂ ਅਜੇ ਤੱਕ ਇਸਦਾ ਜੁਆਬ ਨਹੀਂ ਆਇਆ। ਜੇ ਜੱਸੀ ਇਹ ਕਹਿੰਦਾ ਹੈ ਕਿ ਉਸਨੇ ਖਾਲਿਸਤਾਨੀਆਂ ਨੂੰ "ਹਾਕਮ ਜਮਾਤਾਂ ਦਾ ਅੰਗ" ਦੱਸਕੇ ਜੁਆਬ ਦੇ ਤਾਂ ਦਿੱਤਾ ਹੈ, ਤਾਂ ਇਹ ਜੁਆਬ ਬਹਿਸ ਅੱਗੇ ਤੋਰਨ ਲਈ ਨਾ-ਕਾਫੀ ਹੋਵੇਗਾ। ਉਸਨੂੰ ਖਾਲਿਸਤਾਨੀਆਂ ਦੀ ਜਮਾਤ ਦੀ ਸਪਸ਼ਟ ਤੌਰ ਤੇ ਠੋਸ ਪਰਿਭਾਸ਼ਾ ਪੇਸ਼ ਕਰਨੀ ਚਾਹੀਦੀ ਹੈ। ਯਾਨੀ ਇਸ ਜਮਾਤ ਦਾ ਨਾਂ-ਥੇਹ ਤੇ ਪੈਦਾਵਾਰੀ ਅਮਲ ਅੰਦਰ ਕੀ ਸਥਾਨ ਹੈ?

(2) ਇਸੇ ਪਰਸੰਗ ਅੰਦਰ, ਸੋਧਵਾਦੀ ਤਾਕਤਾਂ (ਸੀ. ਪੀ. ਆਈ. ਤੇ ਸੀ. ਪੀ. ਐਮ.) ਦਾ ਜਮਾਤੀ-ਸਿਆਸੀ ਕਿਰਦਾਰ ਕੀ ਹੈ? ਖ਼ਾਸ ਕਰਕੇ "ਫ਼ਾਸ਼ੀ ਕਿਰਦਾਰ" ਪੱਖੋਂ ਇਸ ਨੂੰ ਜ਼ਰੂਰ ਸਪਸ਼ਟ ਕੀਤਾ ਜਾਵੇ।

(3) ਜਿਸ ਆਧਾਰ 'ਤੇ ਜੱਸੀ ਵੱਲੋਂ ਸਾਥੀ ਪਾਸ਼ ਤੇ ਪੱਡੇ ਦੇ ਕਾਤਲਾਂ ਦੇ ਸਮਰਥਕਾਂ ਦੇ ਕਤਲਾਂ ਨੂੰ ਉਚਿਤ ਠਹਿਰਾਕੇ, ਇਸ ਉਤੇ ਚਾਂਬੜਾਂ ਪਾਈਆਂ ਜਾ ਰਹੀਆਂ ਹਨ, ਉਸੇ ਆਧਾਰ 'ਤੇ ਸ਼ਹੀਦ ਪਿਰਥੀਪਾਲ ਰੰਧਾਵਾ ਦੇ ਸਾਰੇ ਕਾਤਲਾਂ ਬਾਰੇ ਉਸਦੀ ਹੁਣ ਕੀ ਰਾਇ ਹੈ? ਅਤੇ ਨਾਲ ਹੀ, ਜੱਸੀ ਕਿਉਂਕਿ ਫਿਰਕੂ ਤੇ ਹਕੂਮਤੀ-ਦੋਨੋਂ ਕਿਸਮ ਦੀ ਦਹਿਸ਼ਤਗਰਦੀ ਦਾ ਵਿਰੋਧੀ ਹੈ, ਇਸ ਲਈ ਜੇਕਰ ਕੋਈ 'ਜੁਝਾਰੂ ਤਾਕਤ' ਦਰਜਨਾਂ ਨਕਸਲੀ ਸ਼ਹੀਦਾਂ ਦੇ ਕਾਤਲ ਪੁਲਸ ਅਫਸਰਾਂ (ਨਾ ਕਿ ਉਨ੍ਹਾਂ ਦੇ ਮੁਖਬਰਾਂ ਜਾਂ ਸਮਰਥਕਾਂ) ਨੂੰ "ਕਰਾਰਾ ਜੁਆਬ" ਦਿੰਦੀ ਹੈ ਤਾਂ ਇਸ ਪ੍ਰਤੀ ਜੱਸੀ ਦੀ ਸਮਝ ਤੇ ਵਤੀਰਾ ਕੀ ਹੋਵੇਗਾ? ਜੁਆਬ ਸਪਸ਼ਟ ਤੇ ਖਰੇ ਸ਼ਬਦਾਂ 'ਚ ਹੀ ਹੋਵੇ ਤਾਂ ਵਧੇਰੇ ਗੁਣਕਾਰੀ ਸਾਬਤ ਹੋਵੇਗਾ। ਹਰਚਰਨ ਸਿੰਘ

## 8. ਲਿਆਕਤ ਦੀ ਘਾਟ ਲੀਡਰਾਂ ਦੀ —ਘਾਣ ਸਫ਼ਾਂ ਦਾ

—ਹਰਜੀਤ ਸਿੰਘ ਅਟਵਾਲ

ਕੁਝ ਸਮਾਂ ਪਹਿਲਾਂ ਪੈਗਾਮ ਗਰੁੱਪ ਦੇ ਕਾਮਰੇਡ ਅਜਮੇਰ ਸਿੰਘ ਨੇ ਭਾਰਤ ਅੰਦਰ ਕੌਮੀ ਸਵਾਲ ਬਾਰੇ ਕਾਫ਼ੀ ਨਵੀਆਂ ਪੁਜ਼ੀਸ਼ਨਾਂ ਸਾਹਮਣੇ ਲਿਆਂਦੀਆਂ ਸਨ। ਇਨਕਲਾਬੀ ਸਫ਼ਾਂ ਲਈ ਇਹਨਾਂ ਪੁਜ਼ੀਸ਼ਨਾਂ ਨੂੰ ਰੱਦ ਕਰਨ ਜਾਂ ਪਰਵਾਨ ਕਰਨ ਵਿਚ ਕਾਫ਼ੀ ਮੁਸ਼ਕਲ ਆ ਰਹੀ ਸੀ। ਇਕ ਕਾਰਨ ਤਾਂ ਇਹ ਸੀ ਕਿ ਇਹ ਪੁਜ਼ੀਸ਼ਨਾਂ ਕਮਿਊਨਿਸਟ ਲਹਿਰ ਦੀ ਰਵਾਇਤ ਨਾਲੋਂ ਕਾਫ਼ੀ ਹਟਵੀਆਂ ਸਨ। ਦੂਜਾ ਕਾਰਨ ਇਹ ਸੀ ਕਿ ਕੋਈ ਵੀ ਸਥਾਪਤ ਨਕਸਲੀ ਗਰੁੱਪ ਖੁਲ੍ਹੇਆਮ ਉਨ੍ਹਾਂ ਨਾਲ ਬਹਿਸ 'ਚ ਪੈਣ ਦੀ ਜੁਅਰਤ ਨਹੀਂ ਸੀ ਕਰ ਰਿਹਾ। ਇਸ ਬਹਿਸ-ਭੇੜ ਨਾਲ ਦੋਹਾਂ ਧਿਰਾਂ ਦੀਆਂ ਦਲੀਲਾਂ ਦੀ ਪਰਖ ਹੋ ਜਾਣੀ ਸੀ ਅਤੇ ਸਫ਼ਾਂ ਲਈ ਸੱਚ ਅਤੇ ਝੂਠ ਦਾ ਨਿਤਾਰਾ ਕਰਨਾ ਸੌਖਾ ਹੋ ਜਾਣਾ ਸੀ। ਤੀਜਾ ਕਾਰਨ ਇਹ ਸੀ ਕਿ ਕੌਮੀ ਮਸਲੇ ਬਾਰੇ ਪੰਜਾਬੀ ਵਿਚ ਲੈਨਿਨ ਅਤੇ ਸਟਾਲਿਨ ਦੀਆਂ ਲਿਖਤਾਂ ਨਹੀਂ ਮਿਲ ਰਹੀਆਂ ਸਨ। ਲੈ ਦੇ ਕੇ ਨਾਗੀ ਰੈਡੀ ਗਰੁੱਪ ਵੱਲੋਂ ਛਾਪੀ ਗਈ ਚੀਨੀ ਕਮਿਊਨਿਸਟ ਪਾਰਟੀ ਦੀ ਇਕ ਦਸਤਾਵੇਜ਼ "ਕੌਮਾਂਤਰੀ ਕਮਿਊਨਿਸਟ ਲਹਿਰ ਦੀ ਆਮ ਨੀਤੀ ਬਾਰੇ ਕੁਝ ਸਹਾਈ ਹੋ ਸਕਦੀ ਸੀ। ਇਹ ਦਸਤਾਵੇਜ਼ 60ਵਿਆਂ ਦੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿਚ ਕੌਮਾਂਤਰੀ ਕਮਿਊਨਿਸਟ ਲਹਿਰ ਵਿਚ ਚੱਲੀ "ਮਹਾਨ ਬਹਿਸ" ਦੀ ਉਪਜ ਸੀ ਅਤੇ ਇਸ ਵਿਚ ਚੀਨੀ ਪਾਰਟੀ ਨੇ ਕੌਮੀ ਮੁਕਤੀ ਦੇ ਮਸਲੇ ਸਮੇਤ ਹੋਰ ਕਈ ਅਹਿਮ ਸਵਾਲਾਂ ਬਾਰੇ ਇਨਕਲਾਬੀ ਪੁਜ਼ੀਸ਼ਨਾਂ ਉਭਾਰੀਆਂ ਸਨ। ਪਰ ਅਨੁਵਾਦ ਕਰਨ ਸਮੇਂ ਨਾਗੀ ਰੈਡੀ ਗਰੁੱਪ ਦੇ ਸਾਥੀਆਂ ਨੇ ਚੀਨੀ ਕਮਿਊਨਿਸਟਾਂ ਦੀਆਂ ਪੁਜ਼ੀਸ਼ਨਾਂ ਨੇ ਜਿਵੇਂ ਵਿਗਾੜਿਆ ਇਸਦਾ ਅੰਦਾਜ਼ਾ ਦਸਤਾਵੇਜ਼ ਦੇ ਅੰਗਰੇਜ਼ੀ ਰੂਪ ਨੂੰ ਪੜ੍ਹਕੇ ਸੌਖ ਨਾਲ ਹੀ ਲਗਾਇਆ ਜਾ ਸਕਦਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਉਹਨਾਂ ਸਾਥੀਆਂ ਨੇ ਜਾਣ-ਬੁਝ ਕੇ ਕੋਈ ਬੇਈਮਾਨੀ ਕੀਤੀ ਹੈ ਪਰ ਜਿਵੇਂ ਉਹਨਾਂ ਨੇ ਦਸਤਾਵੇਜ਼ ਦਾ ਅਨੁਵਾਦ ਕੀਤਾ ਹੈ ਉਸ ਤੋਂ ਉਹਨਾਂ ਦੀ ਲਿਆਕਤ ਦੀ ਘਾਟ ਜ਼ਰੂਰ ਸਪਸ਼ਟ ਹੋ ਜਾਂਦੀ ਹੈ। ਉਹਨਾਂ ਨੂੰ ਇਹ ਵੀ ਨਹੀਂ ਪਤਾ ਕਿ ਸ਼ਬਦ ਦੇਸ ਅਤੇ

ਕੌਮ ਵਿਚ ਕੀ ਫ਼ਰਕ ਹੁੰਦਾ ਹੈ। ਉਹ ਅੰਗਰੇਜ਼ੀ ਦੇ ਲਫ਼ਜ਼ Nation ਦਾ ਅਨੁਵਾਦ ਦੇਸ਼ ਕਰਦੇ ਹਨ। ਇਸੇ ਤਰ੍ਹਾਂ ਹੀ ਅੰਗਰੇਜ਼ੀ ਦੇ ਲਫ਼ਜ਼ OPPRESSED ਦਾ ਅਨੁਵਾਦ ਦੱਬੇ ਕੁਚਲੇ ਦੀ ਥਾਂ ਲੁੱਟੇ-ਪੁੱਟੇ ਕਰਦੇ ਹਨ। ਉਹਨਾਂ ਦੀ ਇਸ ਘੱਟ ਲਿਆਕਤ ਨੇ ਚੀਨੀ ਪਾਰਟੀ ਦੀਆਂ ਪੁਜ਼ੀਸ਼ਨਾਂ ਨੂੰ ਕਿਸ ਹੱਦ ਤੱਕ ਵਿਗਾੜਿਆ ਅਤੇ ਇਹਨਾਂ ਵਿਗੜੀਆਂ ਹੋਈਆਂ ਪੁਜ਼ੀਸ਼ਨਾਂ ਨੇ ਇਨਕਲਾਬੀ ਸਫ਼ਾਂ ਨੂੰ ਕਿਸ ਹੱਦ ਤੱਕ ਗੁੰਮਰਾਹ ਕੀਤਾ, ਇਹ ਜਾਨਣ ਲਈ ਅਸੀਂ ਕੌਮੀ ਮੁਕਤੀ ਬਾਰੇ ਬਹਿਸ ਅਧੀਨ ਕੁਝ ਮਸਲਿਆਂ (ਜਿਹਨਾਂ ਦੀ ਪੰਜਾਬ ਸਮੱਸਿਆ ਨਾਲ ਕੁਝ ਪ੍ਰਸੰਗਕਤਾ ਬਣਦੀ ਹੈ) ਬਾਰੇ ਚੀਨੀ ਪਾਰਟੀਆਂ ਦੀਆਂ ਪੁਜ਼ੀਸ਼ਨਾਂ ਨੂੰ ਪਹਿਲਾਂ ਅੰਗਰੇਜ਼ੀ ਵਿਚ ਫਿਰ ਉਹਨਾਂ ਦਾ ਨਾਗੀ ਰੈਡੀਆਂ ਵੱਲੋਂ ਕੀਤਾ ਗਿਆ ਅਨੁਵਾਦ ਅਤੇ ਫਿਰ ਦਰੁਸਤ ਅਨੁਵਾਦ ਪੇਸ਼ ਕਰਦੇ ਹਾਂ।

### (1) ਸੰਸਾਰ ਅੰਦਰਲੀਆਂ ਵਿਰੋਧਤਾਈਆਂ

ਚੀਨੀ ਕਾਮਰੇਡ ਚਾਰ ਵਿਰੋਧਤਾਈਆਂ, ਜਿਹਨਾਂ ਨੂੰ ਉਹ ਬੁਨਿਆਦੀ ਵਿਰੋਧਤਾਈਆਂ ਕਹਿੰਦੇ ਹਨ, ਵਿਚੋਂ ਇਕ ਇਹ ਦਸਦੇ ਹਨ :

The contradiction between oppressed nations and imperialism.

ਨਾਗੀ ਰੈਡੀਏ ਇਸਦਾ ਅਨੁਵਾਦ ਕਰਦੇ ਹਨ :

"ਲੁਟੇ ਜਾਣ ਵਾਲੇ ਦੇਸ਼ਾਂ ਤੇ ਸਾਮਰਾਜਵਾਦ ਵਿਚਕਾਰ ਵਿਰੋਧਤਾਈ" ਦਰੁਸਤ ਅਨੁਵਾਦ ਇਹ ਬਣਦਾ ਹੈ :

"ਦੱਬੀਆਂ-ਕੁਚਲੀਆਂ ਕੌਮਾਂ ਅਤੇ ਸਮਾਜਵਾਦ ਵਿਚਕਾਰ ਵਿਰੋਧਤਾਈ"

ਇਸ ਤੋਂ ਅੱਗੇ ਚੀਨੀ ਕਾਮਰੇਡ ਇਸ ਵਿਰੋਧਤਾਈ 'ਚੋਂ ਪੈਦਾ ਹੋਣ ਵਾਲੀਆਂ ਜਦੋ ਜਹਿਦਾਂ ਬਾਰੇ ਇਨਕਲਾਬੀ ਪਹੁੰਚ ਦੀ ਗੱਲ ਕਰਦੇ ਹਨ :

### (2) ਕੌਮੀ ਮੁਕਤੀ ਅਤੇ ਸਾਮਰਾਜੀ ਦੇਸ਼ਾਂ ਦੀ ਮਜ਼ਦੂਰ ਜਮਾਤ

ਚੀਨੀ ਕਾਮਰੇਡ ਲਿਖਦੇ ਹਨ "It is impossible for the working class in the European and American capitalist countries to liberate itself unless it unites with the oppressed nations and unlss tbose -nations are liberated'. ਨਾਗੀ ਰੈਡੀਏ nation ਦਾ ਅਨੁਵਾਦ ਦੇਸ਼ ਕਰਕੇ ਇਨਕਲਾਬੀ ਪੁਜ਼ੀਸ਼ਨ ਦਾ ਮੂੰਹ ਮੱਥਾ ਹੀ ਵਿਗਾੜ ਦਿੰਦੇ ਹਨ। ਉਹ ਇਸਦਾ ਅਨੁਵਾਦ ਕਰਦੇ ਹਨ :

"ਯੂਰਪ ਅਤੇ ਅਮਰੀਕਾ ਦੇ ਸਰਮਾਏਦਾਰਾਂ ਦੇਸ਼ਾਂ ਦੀ ਮਜ਼ਦੂਰ ਜਮਾਤ ਲਈ ਆਪਣੇ ਆਪ ਨੂੰ ਮੁਕਤ ਕਰਵਾਉਣਾ ਉਦੋਂ ਤੱਕ ਅਸੰਭਵ ਹੈ ਜਦ ਤੱਕ ਉਹ ਦੱਬੇ ਕੁਚਲੇ ਦੇਸ਼ਾਂ ਨਾਲ ਏਕਤਾ ਨਾ ਕਰੇ ਅਤੇ ਜਦੋਂ ਤੱਕ ਉਹ ਦੇਸ਼ ਅਜਾਦ ਨਾ ਹੋਣ"

ਦਰੁਸਤ ਅਨੁਵਾਦ ਇਸ ਤਰ੍ਹਾਂ ਹੈ :

"ਯੂਰਪ ਅਤੇ ਅਮਰੀਕਾ ਦੇ ਸਰਮਾਏਦਾਰ ਦੇਸ਼ਾਂ ਦੀ ਮਜ਼ਦੂਰ ਜਮਾਤ ਲਈ ਆਪਣੇ ਆਪ ਨੂੰ ਮੁਕਤ ਕਰਵਾਉਣਾ ਉਦੋਂ ਤੱਕ ਅਸੰਭਵ ਹੈ ਜਦ ਤੱਕ ਉਹ ਦੱਬੀਆਂ-ਕੁਚਲੀਆਂ ਕੌਮਾਂ ਨਾਲ ਏਕਤਾ ਨਹੀਂ ਕਰਦੀ ਅਤੇ ਜਦ ਤੱਕ ਇਹ ਕੌਮਾਂ ਮੁਕਤ ਨਹੀਂ ਹੋ ਜਾਂਦੀਆਂ"

### (3) ਕੌਮੀ ਮੁਕਤੀ ਲਹਿਰਾਂ ਦੀ ਅਗਵਾਈ ਕੀਤੀ ਜਾਵੇ ਜਾਂ ਹਮਾਇਤ ?

ਪੰਜਾਬ ਅੰਦਰ ਬਹਿਸ ਅਧੀਨ ਇਕ ਅਹਿਮ ਸਵਾਲ ਇਹ ਹੈ ਕਿ ਕਮਿਊਨਿਸਟਾਂ ਨੂੰ ਕੌਮੀ ਮੁਕਤੀ ਲਹਿਰ ਦੀ ਹਮਾਇਤ ਕਰਨੀ ਚਾਹੀਦੀ ਹੈ ਜਾਂ ਅਗਵਾਈ। ਚੀਨੀ ਕਾਮਰੇਡਾਂ ਅਨੁਸਾਰ "The oppressed nations and peoples of Asia, Africa and Laiin America are faced with urgent task of fighting imperialism and its lackeys.

History has entrusted to the proletarian parties in these areas the glorious mission of hciding high the banner of struggle against imperialism, old and new colonialism, and for national independense and people's democracy, of standing in the fore front of netional democratic revolutionary movement and striving for a socialist future.

ਇਥੇ ਫਿਰ ਨਾਗੀ ਰੈਡੀਏ ਸ਼ਬਦ Nation ਦਾ ਅਨੁਵਾਦ ਦੇਸ਼ ਕਰਕੇ ਸਭ ਕੁਝ ਉਲਟ-ਪੁਲਟ ਕਰ ਦਿੰਦੇ ਹਨ, ਉਹਨਾਂ ਵੱਲੋਂ ਪਹਿਲੇ ਪਹਿਰੇ ਦਾ ਕੀਤਾ ਅਨੁਵਾਦ ਇਸ ਤਰ੍ਹਾਂ ਹੈ :

"ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਲੁਟੇ ਜਾ ਰਹੇ ਦੇਸ਼ਾਂ ਅਤੇ ਜਨਤਾ ਸਾਹਮਣੇ ਸਾਮਰਾਜ ਅਤੇ ਉਸਦੇ ਦਲਾਲਾਂ ਵਿਰੁੱਧ ਲੜਨ ਦੀ ਇਕ ਫੌਰੀ ਜ਼ਰੂਰੀ ਸਮੱਸਿਆ ਹੈ।"

ਨਾਗੀ ਰੈਡੀਆਂ ਵੱਲੋਂ ਕੀਤੇ ਗਏ ਵਿਗੜੇ ਅਨੁਵਾਵ ਦੀ ਥਾਂ ਚੀਨੀ ਪੁਜ਼ੀਸ਼ਨ ਦਾ ਠੀਕ ਅਨੁਵਾਦ

ਇਹ ਬਣਦਾ ਹੈ

ਏਸ਼ੀਆ, ਅਫਰੀਕਾ ਅਤੇ ਦਖਣੀ ਅਮਰੀਕਾ ਦੀਆਂ ਦੱਬੀਆਂ ਕੁਚਲੀਆਂ ਕੌਮਾਂ ਅਤੇ ਜਨਤਾ ਸਾਹਮਣੇ ਸਾਮਰਾਜ ਅਤੇ ਉਸਦੇ ਪਿਠੂਆਂ ਵਿਰੁੱਧ ਲੜਨ ਦਾ ਫੌਰੀ ਕਾਰਜ ਦਰਪੇਸ਼ ਹੈ"

"ਇਤਿਹਾਸ ਨੇ ਇਹਨਾਂ ਖੇਤਰਾਂ ਦੀਆਂ ਪ੍ਰੋਲਤਾਰੀ ਪਾਰਟੀਆਂ ਨੂੰ ਸਾਮਰਾਜਵਾਦ ਵਿਰੁੱਧ, ਪੁਰਾਣੇ ਤੇ ਨਵੇਂ ਬਸਤੀਵਾਦ ਵਿਰੁੱਧ ਅਤੇ ਕੌਮੀ ਆਜ਼ਾਦੀ ਦੇ ਲੋਕ ਜਨਰਾਜ ਲਈ ਘੋਲ ਦਾ ਝੰਡਾ ਬੁਲੰਦ ਰੱਖਣ ਦਾ, ਕੌਮੀ ਜਮਹੂਰੀ ਇਨਕਲਾਬੀ ਲਹਿਰ ਦੀ ਮੂਹਰਲੀ ਕਤਾਰ ਵਿਚ ਖੜਕੇ ਅਗਵਾਈ ਕਰਨ ਅਤੇ ਸਮਾਜਵਾਦੀ ਭਵਿੱਖ ਲਈ ਉਦਮ ਕਰਨ ਦਾ ਸ਼ਾਨਦਾਰ ਮਿਸ਼ਨ ਸੌਂਪ ਦਿਤਾ ਹੈ।"

ਸੋ ਇਥੇ ਚੀਨੀ ਕਮਿਊਨਿਸਟਾਂ ਨੇ ਕੌਮੀ ਮੁਕਤੀ ਲਹਿਰਾਂ ਦੀ ਕਮਿਊਨਿਸਟਾਂ ਵੱਲੋਂ ਅਗਵਾਈ ਕਰਨ ਦੀ ਲੋੜ ਬਾਰੇ ਕੋਈ ਸ਼ੱਕ-ਸੁਭਾ ਨਹੀਂ ਰਹਿਣ ਦਿਤਾ।

## (4) ਅਗਵਾਈ ਕਿਵੇਂ ਹੋਵੇ ?

ਪੰਜਾਬ ਅੰਦਰ ਰੱਟੇ ਵਾਲਾ ਦੂਜਰਾ ਅਹਿਮ ਸਵਾਲ ਇਹ ਹੈ ਕਿ ਕੌਮੀ ਮੁਕਤੀ ਲਹਿਰਾਂ ਦੀ ਅਗਵਾਈ ਕਿਵੇਂ ਹੋਵੇ ? ਚੀਨੀ ਕਾਮਰੇਡ ਦਸਦੇ ਹਨ "In the course of revolutionary struggles of the oppressed nations and peoples, the proletariat party must put farward a programme of its own which is thorougly against imperialism and domestic reaction and for national independence and people's democracy, and it must work independently among the masses.........Only then it can carry the national democratic revolution thought to the end and guide the revolution on the road to socialism.

ਨਾਗੀ ਰੈਡੀਏ ਇਥੇ ਵੀ Naticn ਦਾ ਅਨੁਵਾਦ ਦੇਸ਼ਕਰਕੇ ਇਨਕਲਾਬੀ ਸਫਾਂ ਨੂੰ ਭੰਬਲ-ਭੂਸਿਆਂ ਵਿਚ ਪਾ ਦਿੰਦੇ ਹਨ। ਉਹ ਉਪਰਲੇ ਪਹਿਰੇ ਦਾ ਅਨੁਵਾਦ ਇਹ ਕਰਦੇ ਹਨ

"ਲੁਟੇ ਜਾਣ ਵਾਲੇ ਦੇਸ਼ਾਂ ਅਤੇ ਜਨਤਾ ਦੇ ਇਨਕਲਾਬੀ ਘੋਲਾਂ ਦੌਰਾਨ ਮਜ਼ਦੂਰ ਜਮਾਤ ਦੀ ਪਾਰਟੀ ਨੂੰ ਖੁਦ ਆਪਣਾ ਪ੍ਰੋਗਰਾਮ ਪੇਸ਼ ਕਰਨਾ ਚਾਹੀਦਾ ਹੈ ਜਿਹੜਾ ਸਾਮਰਾਜਵਾਦ ਅਤੇ ਅੰਦਰਲੀ ਪਿਛਾਖੜ ਦਾ ਪੂਰਾ ਵਿਰੋਧੀ ਹੋਵੇ ਅਤੇ ਕੌਮੀ ਸੁਤੰਤਰਤਾ ਅਤੇ ਲੋਕ ਜਮਹੂਰੀਅਤ ਦਾ ਪੂਰਾ ਹਮਾਇਤੀ ਹੋਵੇ ਅਤੇ ਉਸਨੂੰ ਸੁਤੰਤਰ ਰੂਪ ਵਿਚ ਜਨਤਾ ਵਿਚ ਕੰਮ ਕਰਨਾ ਚਾਹੀਦਾ ਹੈ...ਕੇਵਲ ਇਸ ਤਰ੍ਹਾਂ ਉਹ ਕੌਮੀ ਜਮਹੂਰੀ ਇਨਕਲਾਬ ਅਖੀਰ ਤੱਕ ਅਤੇ ਇਨਕਲਾਬ ਨੂੰ ਸਮਾਜਵਾਦ ਦੇ ਰਾਹ ਤੇ ਲਿਜਾ ਸਕਦੀ ਹੈ।

ਨਾਗੀ ਰੈਡੀਆਂ ਵੱਲੋਂ ਕੀਤੇ ਗਏ ਵਿਗੜੇ ਅਨੁਵਾਦ ਦੀ ਥਾਂ ਠੀਕ ਅਨੁਵਾਦ ਇਹ ਹੋਵੇਗਾ

"ਦੱਬੀਆਂ-ਕੁਚਲੀਆਂ ਕੌਮਾਂ ਅਤੇ ਜਨਤਾ ਦੇ ਇਨਕਲਾਬੀ ਘੋਲਾਂ ਦੌਰਾਨ ਪਰੋਲਤਾਰੀ ਦੀ ਪਾਰਟੀ ਨੂੰ ਹਰ ਸਾਲ ਖੁਦ ਆਪਣਾ ਪ੍ਰੋਗਰਾਮ ਪੇਸ਼ ਕਰਨਾ ਚਾਹੀਦਾ ਹੈ ਜਿਹੜਾ ਸਾਮਰਾਜਵਾਦ ਅਤੇ ਅੰਦਰੂਨੀ ਪਿਛਾਖੜ ਦਾ ਪੂਰਾ ਵਿਰੋਧੀ ਅਤੇ ਕੌਮੀ ਸੁਤੰਤਰਤਾ ਤੇ ਲੋਕ ਜਮਹੂਰੀਅਤ ਦਾ ਪੂਰਾ ਹਮਾਇਤੀ ਹੋਵੇ। ਉਹਨੂੰ ਸੁਤੰਤਰ ਰੂਪ ਵਿਚ ਜਨਤਾ ਵਿਚ ਕੰਮ ਕਰਨਾ ਚਾਹੀਦਾ ਹੈ... ਸਿਰਫ ਅਜਿਹਾ ਕਰਕੇ ਹੀ ਉਹ ਕੌਮੀ ਜਮਹੂਰੀ ਇਨਕਲਾਬ ਨੂੰ ਸਿਰੇ ਲਾ ਸਕਦੀ ਹੈ ਅਤੇ ਇਨਕਲਾਬ ਨੂੰ ਸਮਾਜਵਾਦ ਦੇ ਰਾਹ 'ਤੇ ਲਿਜਾ ਸਕਦੀ ਹੈ"

ਸੋ ਚੀਨੀ ਕਾਮਰੇਡਾਂ ਦੀ ਇਨਕਲਾਬੀ ਪੁਜ਼ੀਸ਼ਨ ਮੁਤਾਬਕ ਦੱਬੀਆਂ-ਕੁਚਲੀਆਂ ਕੌਮਾਂ ਸਾਹਮਣੇ ਦਰੁਸਤ ਇਨਕਲਾਬੀ ਪ੍ਰੋਗਰਾਮ ਪੇਸ਼ ਕਰਨ ਤੋਂ ਬਿਨਾਂ ਉਹਨਾਂ ਦੀਆਂ ਕੌਮੀ ਮੁਕਤੀ ਲਹਿਰਾਂ ਦੀ ਅਗਵਾਈ ਨਹੀਂ ਕੀਤੀ ਜਾ ਸਕਦੀ।

## 5) ਜੇ ਕਮਿਊਨਿਸਟ ਕੌਮੀ ਲਹਿਰਾਂ ਦੀ ਅਗਵਾਈ ਨਹੀਂ ਕਰਨਗੇ ਤਾਂ ਕੀ ਵਾਪਰੇਗਾ ?

ਇਸ ਸਵਾਲ ਦਾ ਜਵਾਬ ਚੀਨੀ ਕਾਮਰੇਡ ਇਸ ਤਰ੍ਹਾਂ ਦੇਂਦੇ ਹਨ "ਜੇ ਕਿਸੇ ਪਾਰਟੀ ਨੂੰ ਅਗਵਾਈ ਦੇਣ ਵਾਲਾ ਗਰੁੱਪ ਗੈਰ-ਇਨਕਲਾਬੀ ਲੀਹ ਅਪਣਾ ਲੈਂਦਾ ਹੈ ਅਤੇ ਇਸਨੂੰ ਇਕ ਸੁਧਾਰਵਾਦੀ ਪਾਰਟੀ ਵਿਚ ਪਲਟ ਦੇਂਦਾ ਹੈ ਤਾਂ ਪਾਰਟੀ ਅੰਦਰਲੇ ਅਤੇ ਬਾਹਰਲੇ ਮਾਰਕਸਵਾਦੀ-ਲੈਨਿਨਵਾਦੀ ਉਨ੍ਹਾਂ ਨੂੰ ਪਰੇ ਕਰਕੇ ਉਹਨਾਂ ਦੀ ਥਾਂ ਲੈ ਸਕਣਗੇ ਅਤੇ ਲੋਕਾਂ ਦੀ ਇਨਕਲਾਬ ਕਰਨ ਵਿਚ ਅਗਵਾਈ ਕਰਨਗੇ। ਇਸ ਤੋਂ ਇਕ ਵੱਖਰੀ ਹਾਲਤ ਇਹ ਵੀ ਹੋ ਸਕਦੀ ਹੈ ਕਿ ਬੁਰਜੂਆ ਇਨਕਲਾਬੀ ਇਨਕਲਾਬ ਦੀ ਅਗਵਾਈ ਸਾਂਭਣ ਲਈ ਅੱਗੇ ਆ ਜਾਣ ਅਤੇ ਪ੍ਰੋਲਤਾਰੀ ਦੀ ਪਾਰਟੀ ਹੱਥੋਂ ਇਨਕਲਾਬ ਦੀ ਅਗਵਾਈ ਜਾਂਦੀ ਰਹੇ"

ਭਾਰਤ ਅੰਦਰ ਅੱਜ ਇਸ ਤਰ੍ਹਾਂ ਹੀ ਵਾਪਰ ਰਿਹਾ ਹੈ। ਨਾਗਰੈਡੀਆਂ ਨੂੰ ਆਪਣੀ ਵਿਦਵਤਾ ਦਾ ਬੜਾ

ਮਾਨ ਹੈ । ਫਿਰ ਭਲਾ ਉਹਨਾਂ ਦੀ ਵਿਦਵਤਾ, ਇਸ ਮਸਲੇ 'ਤੇ ਉਹਨਾਂ ਨਾਲ ਐਡੀ ਮਸ਼ਕਰੀ ਕਿਵੇਂ ਕਰ ਗਈ ? ਇਸਦਾ ਜਵਾਬ ਲੱਭਣਾ ਕੋਈ ਔਖਾ ਨਹੀਂ । ਮਾਰਕਸਵਾਦ ਕੋਈ ਫਾਰਮੂਲਿਆਂ ਦਾ ਰਟਨਮੰਤਰ ਨਹੀਂ । ਇਹ ਇਕ ਇਨਕਲਾਬੀ ਵਿਗਿਆਨ ਹੈ । ਅਤੇ ਵਿਗਿਆਨ ਮੂਹਰੇ ਕੋਈ ਝੂਠ, ਫਰੇਬ, ਦਿਖਾਵਾ ਤੇ ਪਾਖੰਡ ਲੁਕਿਆ ਨਹੀਂ ਰਹਿ ਸਕਦਾ । "ਠੋਸ ਹਾਲਤਾਂ ਦਾ ਠੋਸ ਨਿਰਣਾ" ਮਾਰਕਸਵਾਦ ਦੀ ਧੜਕਦੀ ਰੂਹ ਹੈ । ਨਾਗੀਰੈਡੀਆਂ ਦਾ ਦੁਖਾਂਤ ਇਹੀ ਹੈ ਕਿ ਉਨ੍ਹਾਂ ਹੋਰਨਾਂ ਫਾਰਮੂਲਿਆਂ ਦੇ ਰਟਣਮੰਤਰ ਵਾਂਗ ਇਸ ਟੂਕ ਦਾ ਜ਼ਬਾਨੀ-ਕਲਾਮੀ ਪਾਠ ਤਾਂ ਬਥੇਰਾ ਕੀਤਾ ਹੈ ਪਰ ਅਮਲੀ ਤੌਰ 'ਤੇ ਮਾਰਕਸਵਾਦ ਦੀ ਧੜਕਦੀ ਰੂਹ ਦੇ ਨੇੜੇ ਵੀ ਨਹੀਂ ਢੁਕੇ । ਜੇ ਉਹਨਾਂ ਅਜਿਹਾ ਕੀਤਾ ਹੁੰਦਾ—ਅਰਥਾਤ ਜੇ ਉਹਨਾਂ ਭਾਰਤ ਦੀ ਸਮਾਜੀ ਹਕੀਕਤ ਦੇ ਠੋਸ ਲੱਛਣਾਂ ਨੂੰ ਬੁਝਣ ਦਾ ਰਤੀ-ਮਾਸਾ ਯਤਨ ਵੀ ਕੀਤਾ ਹੁੰਦਾ ਤਾਂ ਉਹਨਾਂ "ਦੇਸ਼" ਤੇ "ਕੌਮ" ਵਿਚਲੇ ਐਨੇ ਸਿੱਧੇ ਤੇ ਸੌਖੇ ਅੰਤਰ ਨੂੰ ਝੱਟ ਪਛਾਣ ਲੈਣਾ ਸੀ । ਜੇ ਉਹਨਾਂ ਦਾ, ਉਪਰ ਜ਼ਿਕਰ ਅਧੀਨ ਆਏ ਪੈਂਫਲਿਟ ਨੂੰ ਛਾਪਣ ਦਾ ਮਕਸਦ, ਇਸ ਕੋਲੋਂ ਇਨਕਲਾਬੀ ਅਭਿਆਸ ਲਈ ਠੋਸ ਰਹਿਨੁਮਾਈ ਲੈਣਾ ਹੁੰਦਾ ਤਾਂ ਇਹ ਪੈਂਫਲਿਟ ਉਨ੍ਹਾਂ ਦੀ ਬੌਧਿਕ ਨਲਾਇਕੀ ਦੀ ਨੁਮਾਇਸ਼ ਨਹੀਂ ਸੀ ਬਣਨਾ । ਇਹ ਇਸ ਅਗਿਆਨਤਾ ਦਾ ਹੀ ਕਰਿਸ਼ਮਾ ਹੈ ਕਿ ਨਾਗੀਰੈਡੀਆਂ ਨੇ ਆਪਣੇ ਪ੍ਰੋਗਰਾਮ ਅੰਦਰ ਭਾਵੇਂ ਰਸਮੀ ਤੌਰ ਤੇ ਭਾਰਤ ਦੇ "ਬਹੁ-ਕੌਮੀ" ਹੋਣ ਦੀ ਧਾਰਨਾ ਦਰਜ ਕੀਤੀ ਹੋਈ ਹੈ ਪਰ ਅਮਲ ਵਿਚ ਉਹ ਭਾਰਤ ਨੂੰ ਇਕ ਕੌਮ ਮੰਨ ਕੇ ਹੀ ਚਲਦੇ ਹਨ । ਉਹਨਾਂ ਦੀਆਂ, ਇਕ ਨਹੀਂ, ਅਨੇਕਾਂ ਮਹੱਤਵ-ਪੂਰਨ ਲਿਖਤਾਂ ਅੰਦਰ ਭਾਰਤ ਨੂੰ ਇਕ ਕੌਮ ਵਜੋਂ ਤਸਲੀਮ ਕੀਤਾ ਗਿਆ ਹੈ । ਕਿਉਂ ਕਿ ਉਹ ਭਾਰਤ ਨੂੰ ਇਕ ਕੌਮ ਮੰਨ ਕੇ ਚਲਦੇ ਹਨ ਇਸ ਲਈ ਉਹਨਾਂ ਨੂੰ ਭਾਰਤ ਅੰਦਰ ਕੋਈ ਕੌਮੀ ਮਸਲਾ ਦਿਖਾਈ ਨਹੀਂ ਦੇ ਰਿਹਾ (ਉਹ ਸ਼ਰੇਆਮ ਇਹ 'ਦਲੇਰੀ' ਭਰਿਆ ਬਿਆਨ ਦਿੰਦੇ ਹਨ ਕਿ ਪੰਜਾਬੀ ਕੌਮ ਨਾਲ ਕੋਈ ਕੌਮੀ ਵਿਤਕਰਾ ਤੇ ਜਬਰ ਨਹੀਂ ਹੋ ਰਿਹਾ । ਇਸੇ ਲਈ ਉਹ "ਕੌਮੀ "ਮੰਗਾਂ' ਨੂੰ ਵੱਡੇ ਖੂਹ ਵਿਚ ਸੁੱਟਣ ਵਰਗੀਆਂ ਬਚਕਾਨਾ ਬਿਆਨੀਆਂ ਕਰਨ ਤੱਕ ਚਲੇ ਜਾਂਦੇ ਹਨ ।

ਖੈਰ, ਸ਼ਇਦ ਨਾਗੀਰੈਡੀ ਗਰੁੱਪ ਦੇ ਕੁਝ ਸੁਹਿਰਦ ਪੈਰੋਕਾਰ ਇਹ ਬਹਾਨਾ (Plea) ਘੜਨ ਦੇ ਯਤਨ ਕਰਨ ਕਿ ਉਹਨਾਂ ਦੇ ਆਗੂਆਂ ਕੋਲੋਂ ਤਰਜਮੇ ਦੇ ਮਾਮਲੇ 'ਚ ਰਹੀ ਇਕ ਸ਼ਬਦੀ ਉਕਾਈ ਨੂੰ ਲੈ ਕੇ, ਉਹਨਾਂ ਦਾ ਖਾਹ-ਮ-ਖਾਹ ਜਲੂਸ ਕੱਢਣ ਦਾ ਯਤਨ ਕੀਤਾ ਰਿਹਾ ਹੈ । ਜੇ ਗੱਲ ਇਉਂ ਹੈ ਤਾਂ "ਨਾਗੀ ਰੈਡੀ ਗਰੁੱਪ ਦੇ" ਆਗੂਆਂ ਦਾ ਇਹ ਫ਼ਰਜ਼ ਬਣਦਾ ਹੈ ਕਿ ਹੇਠ ਲਿਖੇ ਸੁਆਲਾਂ ਦੇ ਸਪਸ਼ਟ ਤੇ ਖਰੇ ਸ਼ਬਦਾਂ ਵਿਚ ਉਤਰ ਦੇਣ ।

1) ਉਹਨਾਂ ਦੀਆਂ ਲਿਖਤਾਂ 'ਚ ਵਾਰ ਵਾਰ ਪਰਚਾਰੀ ਗਈ 'ਭਾਰਤੀ ਕੌਮ' ਦੀ ਧਾਰਨਾ ਬਾਰੇ ਉਹਨਾਂ ਦੀ ਹੁਣ ਪੁਜ਼ੀਸ਼ਨ ਕੀ ਹੈ ?

2) ਜੇ ਉਹ ਹੁਣ 'ਭਾਰਤੀ ਕੌਮ' ਦੇ ਸਕੰਲਪ ਨੂੰ ਗਲਤ ਤੇ ਗੁਮਰਾਹ ਕਰੂ ਸਮਝਣ ਲੱਗ ਪਏ ਹਨ ਤਾਂ ਪਿਛਲੀ ਗਲਤੀ 'ਤੇ ਮਿੱਟੀ ਪਾਉਂਦੇ ਹੋਏ ਉਹਨਾਂ ਦਾ ਹੁਣ ਭਾਰਤ ਅੰਦਰ ਵਸਦੀਆਂ ਅੱਡ-ਅੱਡ ਕੌਮਾਂ ਦੀ ਮੁਕਤੀ ਲਈ ਕੀ ਪ੍ਰੋਗਰਾਮ ਤੇ ਭਵਿੱਖ-ਨਕਸ਼ਾ ਹੈ ? ਕੀ ਉਹ, ਉਹਨਾਂ ਵੱਲੋਂ ਹੀ ਉਲਥਾਏ ਤੇ ਛਾਪੇ ਗਏ ਚੀਨੀ ਪੈਂਫਲਿਟ ਦੀ ਸਮਝ ਅਨੁਸਾਰ ਇਹਨਾਂ ਕੌਮਾਂ ਦੀ ਮੁਕਤੀ ਦੀਆਂ ਲਹਿਰਾਂ ਦੀ ਅਗਵਾਈ ਕਰਨ ਤੇ ਇਹ ਅਗਵਾਈ ਦੇਣ ਲਈ ਠੋਸ ਪ੍ਰੋਗਰਾਮ ਘੜਨ ਦੇ ਮੁਕਦੀ ਹਨ ?

ਜੇ ਨਾਗੀਰੈਡੀਏ ਇਹਨਾਂ ਸੁਆਲਾਂ ਦਾ ਜੁਆਬ ਦੇਣ ਤੋਂ ਕਿਸੇ ਬਹਾਨੇ ਵੀ ਟਾਲਾ ਵੱਟਣ ਦੀ ਕੋਸ਼ਿਸ਼ ਕਰਨਗੇ ਤਾਂ ਉਹਨਾਂ ਉਤੇ ਇਨਕਲਾਬੀ ਸਫ਼ਾਂ ਨਾਲ ਬੌਧਿਕ ਧੋਖਾਦੇਹੀ ਕਰਨ ਦਾ ਦੋਸ਼ ਲਾਉਣਾ ਪੂਰੀ ਤਰ੍ਹਾਂ ਵਾਜਬ ਹੋਵੇਗਾ ।

o

---

## *ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ 1988 ਵਿਚ ਛਪੀਆਂ ਪੁਸਤਕਾਂ*

ਲੜਾਂਗੇ ਸਾਥੀ- ਪਾਸ਼ ਦੀ ਚੋਣਵੀ ਕਵਿਤਾ 124 ਸਫੇ ਕੀਮਤ 12/-

ਪੈਰ ਸੂਲਾਂ ਤੇ ਵੀ ਨੱਚਦੇ ਰਹਿਣਗੇ—ਜੈਮਲ ਪੱਡਾ ਦੀ ਕਵਿਤਾ ਤੇ ਗੀਤ ਸਫੇ 72 ਕੀਮਤ 7/-

1987 ਦੀ ਪ੍ਰਤੀਨਿਧ ਕਵਿਤਾ ਸਫੇ 128 ਕੀਮਤ 10/-

1987 ਦੀ ਚੋਣਵੀ ਕਹਾਣੀ ਸਫੇ 152 ਕੀਮਤ 10/-

ਲਾਮ—ਕਹਾਣੀ ਸੰਗ੍ਰਹਿ ਮਿੱਤਰ ਸੈਨ ਮੀਤ ਸਫੇ 152 ਕੀਮਤ 10/-

ਇਹ ਕਿਤਾਬਾਂ ਸਮਤਾ ਦੇ ਪਤੇ ਤੇ ਲਿਖਿਆਂ ਡਾਕ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ । /ਸੰਪਾਦਕ

## 'ਸ਼ਬਦ ਕਤਲ ਨਹੀਂ ਹੁੰਦੇ' ਦਾ ਪਿਛੋਕੜ

—ਹਰਭਜਨ ਸਿੰਘ ਹੁੰਦਲ

ਜੂਨ 1988 ਦੇ ਸਮਤਾ ਅੰਕ ਵਿਚ ਹਰਭਜਨ ਸਿੰਘ ਹੁੰਦਲ ਹੋਰਾਂ ਦੀ ਕਵਿਤਾ 'ਸ਼ਬਦ ਕਤਲ ਨਹੀਂ ਹੁੰਦੇ' ਛਪੀ ਸੀ। ਇਸ ਕਵਿਤਾ ਦਾ ਪਿਛੋਕੜ ਸਾਨੂੰ ਹੁੰਦਲ ਹੋਰਾਂ ਵਲੋਂ ਮਿਲਿਆ ਹੈ, ਜੋ ਇਸ ਪ੍ਰਸੰਗ ਵਿਚ ਲਿਖੀਆਂ ਗਈਆਂ ਕਵਿਤਾਵਾਂ ਉਤੇ 'ਸਾਹਿਤਕ ਨੋਟ' ਦੀ ਭੂਮਿਕਾ ਨਿਭਾਉਂਦਾ ਹੈ। ਸਮਤਾ ਦੇ ਪਾਠਕਾਂ ਲਈ ਇਹ ਨੋਟ ਪੇਸ਼ ਹੈ। /ਸੰਪਾਦਕ

---

ਕਵਿਤਾ ਦੇ ਖੇਤਰ ਵਿਚ ਮਰਸੀਏ ਲਿਖਣ ਦੀ ਰਵਾਇਤ ਬਹੁਤ ਪੁਰਾਣੀ ਹੈ। ਕਿਸੇ ਮਹਾਂ-ਮਨੁੱਖ, ਸੰਗਰਾਮੀ ਆਗੂ ਪ੍ਰਤਿਭਾਵਾਨ ਸ਼ਾਇਰ ਜਾਂ ਨੇੜੇ ਦੇ ਮਿੱਤਰ ਸਨੇਹੀ ਦੇ ਤੁਰ ਜਾਣ ਤੇ, ਅਕਸਰ ਕਵੀ-ਮਿੱਤਰ ਸੋਗ-ਮਈ ਕਵਿਤਾਵਾਂ ਲਿਖ ਕੇ, ਆਪਣੀ ਪੀੜ ਅਥਵਾ ਦਰਦ ਨੂੰ ਜ਼ੀਭਾ ਦਿੰਦੇ ਨੇ।

ਮੈਂ ਪਿਛਲੇ ਵਰ੍ਹਿਆਂ ਵਿਚ ਅਜੇਹੀਆਂ ਸੋਗ ਮਈ ਸਥਿਤੀਆਂ ਚੋਂ ਲੰਘਿਆ ਹਾਂ। ਖ਼ਾਸ ਕਰਕੇ 1986 ਦੇ ਸਾਲ ਵਿਚ। ਅਕਤੂਬਰ 86 ਦੇ ਆਖਰੀ ਦਿਨ ਮੇਰਾ ਛੋਟਾ ਭਾਈ ਕੁਲਬੀਰ ਸਿੰਘ ਹੁੰਦਲ ਮਾਨਸਿਕ-ਰੋਗ ਦਾ ਸ਼ਿਕਾਰ ਹੋ ਕੇ ਆਤਮਘਾਤ ਕਰ ਗਿਆ ਸੀ। ਉਹਦੀ ਮੌਤ ਤੇ ਭਾਵੇਂ ਮੈਂ ਪੰਜ ਸੱਤ ਕਵਿਤਾਵਾਂ ਲਿਖੀਆਂ ਸਨ, ਪਰ ਅਸਲ ਵਿਚ 'ਸੋਗ-ਗੀਤ' ਕਵਿਤਾ ਸਭ ਤੋਂ ਬਲਵਾਨ ਰੂਪ ਵਿਚ ਲਿਖੀ ਗਈ ਸੀ। ਇਸ ਘਟਨਾ ਤੋਂ ਦੋ ਮਹੀਨੇ ਪਹਿਲਾਂ ਅਰਥਾਤ ਸਤੰਬਰ 86 ਵਿਚ ਮੇਰੇ ਪੁਰਾਣੇ ਹਮ-ਜਮਾਤੀ ਤੇ ਸ਼ਾਇਰ ਮਿਤਰ ਸ. ਸ. ਮੀਸ਼ਾ ਦੀ ਕਾਂਜਲੀ ਵੇਈਂ ਵਿਚ ਡੁਬ ਕੇ ਮੌਤ ਹੋਈ ਸੀ। ਮੇਰੇ ਲਈ ਇਹ ਦੋਵੇਂ ਮੌਤਾਂ ਡੂੰਘੇ ਮਾਨਸਿਕ ਸਦਮੇਂ ਸਨ। ਮੈਂ ਮੀਸ਼ੇ ਦੀ ਮੌਤ ਉਤੇ ਜਿਹੜੀ ਕਵਿਤਾ ਲਿਖੀ, ਉਹ ਸਾਹਿਤਕ ਹਲਕਿਆਂ ਵਿਚ ਕਾਫੀ ਪਸੰਦ ਕੀਤੀ ਗਈ।

ਹੁਣ 23 ਮਾਰਚ 1988 ਨੂੰ ਪੰਜਾਬੀ ਦੇ ਹੋਣਹਾਰ ਤੇ ਪ੍ਰਤਿਭਾਵਾਨ ਕਵੀ ਪਾਸ਼ ਨੂੰ ਕਤਲ ਕਰ ਦਿਤਾ ਗਿਆ। ਮੈਨੂੰ ਇਸ ਮੌਤ ਨਾਲ ਵੱਡਾ ਸਦਮਾ ਪਹੁੰਚਿਆ। ਰਿਵਾਜ ਵਜੋਂ ਪੰਜਾਬੀ ਕਵੀਆਂ ਨੇ ਕਾਹਲੀ ਕਾਹਲੀ, ਉਸ ਬਾਰੇ ਕਵਿਤਾਵਾਂ ਲਿਖੀਆਂ ਤੇ ਛਪਵਾਈਆਂ ਹਨ। ਮੇਰੇ ਮਨ ਵਿਚ ਵੀ ਕਵਿਤਾ ਲਿਖਣ ਦਾ ਖਿਆਲ ਆਇਆ, ਪਰ ਮੈਂ ਆਪਣੇ ਆਪ ਨੂੰ ਪਾਸ਼ ਦੇ ਏਨਾ ਨੇੜੇ ਨਹੀਂ ਸੀ ਸਮਝਦਾ ਕਿ ਉਸ ਬਾਰੇ ਕੋਈ ਕਵਿਤਾ ਲਿਖ ਸਕਦਾ, ਮੈਨੂੰ ਆਪਣੇ ਸਾਹਿਤਕ ਜੀਵਨ ਵਿਚ ਪਾਸ਼ ਦੇ ਨੇੜੇ ਰਹਿਣ ਦਾ ਅਵਸਰ ਨਹੀਂ ਸੀ ਮਿਲਿਆ। ਦੋ ਚਾਰ ਵਾਰ ਕਵੀ ਦਰਬਾਰਾਂ ਤੇ ਇਕੱਠੇ ਹੋਣ ਦਾ ਮੌਕਾ ਮਿਲਿਆ ਸੀ, ਪਰ ਖੁਲ ਕੇ ਨਿੱਘ ਨਾਲ ਗੱਲ ਕਰਨ ਦਾ ਅਵਸਰ ਨਹੀਂ ਸੀ ਮਿਲਿਆ।

ਮੁਖ ਕਾਰਨ ਰਾਜਸੀ ਸੀ—ਉਹ ਨਕਸਲਬਾੜੀ ਲਹਿਰ ਨਾਲ ਸਬੰਧਤ ਸੀ ਤੇ ਮੈਂ ਮਾਰਕਸਵਾਦੀ ਪਾਰਟੀ ਦੇ ਨੇੜੇ। ਦੋਹਾਂ ਪਾਰਟੀਆਂ ਵਿਚ ਬੁਨਿਆਦੀ ਮਸਲਿਆਂ ਬਾਰੇ ਵਿਚਾਰਾਂ ਵਿਚ ਬੜਾ ਫਰਕ ਸੀ। ਇਸ ਕਾਰਨ ਉਸ ਦੀ ਮੌਤ ਨਾਲ ਭਾਵੇਂ ਮੈਨੂੰ ਸਦਮਾ ਪਹੁੰਚਿਆ ਸੀ, ਪਰ ਭਾਵਕ ਪੱਧਰ ਤੇ ਮੈਂ ਉਸ ਦੇ ਇਤਨਾ ਨੇੜੇ ਨਹੀਂ ਸੀ ਕਿ ਕੋਈ ਕਵਿਤਾ ਲਿਖ ਸਕਦਾ।

ਪਰ ਇਸ ਦ੍ਰਿਸ਼ ਦਾ ਇਕ ਹੋਰ ਪੱਖ ਵੀ ਹੈ ਤੇ ਉਹ ਰਾਜਸੀ-ਵਿਚਾਰਧਾਰਕ ਵਿਰੋਧਾਂ ਦੇ ਹੁੰਦਿਆਂ ਵੀ, ਮਹੱਤਵ ਪੂਰਨ ਹੈ। ਪੰਜਾਬ ਦੀ ਅਜੋਕੀ ਪਰਸਥਿਤੀ ਦੇ ਪ੍ਰਸੰਗ ਵਿਚ ਉਸ ਦੀ ਮੌਤ ਪ੍ਰਤੀਕਿਰਿਆਵਾਦੀ-ਫ਼ਾਸ਼ੀ-ਵਾਦੀ ਸ਼ਕਤੀਆਂ ਦੇ ਹੱਥੋਂ ਹੋਈ ਹੈ, ਜਿਹੜੀਆਂ ਸ਼ਕਤੀਆਂ ਤੇ ਧਿਰਾਂ ਵੱਖਰੀ ਰਾਏ ਰੱਖਣ ਅਤੇ ਸਾਡੇ ਬੁਨਿਆਦੀ ਲੋਕ-ਰਾਜੀ ਹੱਕਾਂ ਨੂੰ ਖੋਹਣਾ ਚਾਹੁੰਦੀਆਂ ਹਨ—ਵੱਖਰੀ ਰਾਏ ਰੱਖਣ ਦੇ ਹੱਕ ਨੂੰ ਹੀ ਨਹੀਂ ਜੀਉਣ ਦੇ ਹੱਕ ਨੂੰ ਖੋਹਣਾ ਚਾਹੁੰਦੀਆਂ ਹਨ। ਲੋਕ ਰਾਜੀ ਹੱਕਾਂ ਦੀ ਰਾਖੀ ਵਿਰੋਧੀ ਰਾਏ ਨੂੰ ਪ੍ਰਗਟ ਕਰਨ ਦੇ ਬੁਨਿਆਦੀ ਹੱਕ ਦੀ ਰਾਖੀ ਦੇ ਸੁਆਲ ਬਾਰੇ, ਉਸ ਦੀ ਮੌਤ, ਹਰ ਰੌਸ਼ਨ-ਜ਼ਮੀਰ ਮਨੁਖ, ਕਲਾਕਾਰ ਤੇ ਬੁੱਧੀ ਜੀਵਾਂ ਲਈ ਡੂੰਘੀ ਚਿੰਤਾ ਦਾ ਕਾਰਨ ਹੈ। ਧਾਰਮਕ ਕੱਟੜਤਾ ਦੇ ਸਿਟੇ ਵਜੋਂ ਹੋਇਆ ਉਸ ਦਾ ਕਤਲ ਮਨੁੱਖੀ ਕਦਰਾਂ-ਕੀਮਤਾਂ ਦੀ ਉਲੰਘਣਾ ਹੈ ਤੇ ਫਿਰ ਪਾਸ਼ ਵਰਗੇ ਅਦੁਤੀ ਪ੍ਰਤਿਭਾ ਦੇ ਸੁਆਮੀ ਕਵੀ ਦੀ ਮੌਤ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਲਈ ਅਜੇਹਾ ਘਾਟਾ ਹੈ, ਜਿਹੜਾ ਪੂਰਾ ਨਹੀਂ ਹੋ ਸਕਦਾ। ਮੇਰੀ ਆਵਾਜ਼, ਮਨੁਖੀ ਹੱਕਾਂ ਲਈ ਜੂਝ-ਦੀਆਂ ਹੋਰ ਲੋਕ-ਰਾਜੀ ਸ਼ਕਤੀਆਂ; ਵਿਅਕਤੀਆਂ ਤੇ ਪਾਰਟੀਆਂ ਦੇ ਨਾਲ ਰਲਣੀ ਚਾਹੀਦੀ ਹੈ।

ਇਹ ਕਵਿਤਾ ਏਸੇ ਮਾਨਸਿਕ ਕਸ਼ਮਕਸ਼ ਦੀ ਉਪਜ ਹੈ, ਇਹ ਕਵਿਤਾ, ਉਸ ਦੀ ਮੌਤ ਉਤੇ ਲਿਖੀਆਂ ਜਾ ਰਹੀਆਂ ਹੋਰ ਕਵਿਤਾਵਾਂ ਨਾਲੋਂ ਕਿਸ ਭਾਂਤ ਵੱਖਰੀ ਪਛਾਣ ਸਿਰਜਦੀ ਹੈ ਜਾਂ ਨਹੀਂ, ਇਸ ਦਾ ਨਿਰਣਾ ਤਾਂ ਕੁਝ ਮਹੀਨਿਆਂ ਬਾਅਦ ਹੀ ਹੋ ਸਕੇਗਾ।

ਉਂਝ ਮੈਂ ਸਮਝਦਾ ਹਾਂ ਕਿ ਇਹ ਕਵਿਤਾ ਇਕ ਭਾਵਕ ਦੂਰੀ ਤੋਂ ਲਿਖੀ ਗਈ ਹੈ ਤੇ ਉਹ ਕਵੀ, ਜਿਹੜਾ ਵਿਚਾਰਧਾਰਨ ਤੇ ਜ਼ਾਤੀ ਸਬੰਧਾਂ ਵਿਚ ਮੇਰੇ ਨਾਲੋਂ ਪਾਸ਼

Regd. with the Register News Papers Vide No. MA/12397-D Dated 18 4 80
Post Office No. P/AR—133

ਦੇ ਵਧੇਰੇ ਨੇੜੇ ਹੋਵੇ, ਵਧੇਰੇ ਸਫਲ ਕਵਿਤਾ ਲਿਖ ਸਕੇਗਾ, ਮੇਰੇ ਖਿਆਲ ਵਿਚ, ਇਸ ਪੱਖੋਂ ਅਮਰਜੀਤ ਚੰਦਨ ਮੇਰੇ ਨਾਲੋਂ, ਵਧੇਰੇ ਲਾਹੇਵੰਦ ਸਥਿਤੀ ਵਿਚ ਹੈ। ਸਮਤਾ ਵਿਚ ਉਸ ਦੀ ਮੌਤ ਤੇ ਸਿਮ੍ਰਿਤੀ ਵਿਚ ਕੁਝ ਕਵਿਤਾਵਾਂ ਛਪੀਆਂ ਹਨ ਤੇ ਹੋਰ ਵੀ ਛਪਣ ਦੀ ਆਸ ਹੈ, ਪਰ ਭਾਵਕ ਤਰ੍ਹਾਂ ਦੇ ਰੋਣ ਧੋਣ ਤੋਂ ਬਚਕੇ ਹੀ ਕੋਈ ਚੰਗੀ ਕਵਿਤਾ ਲਿਖੀ ਜਾ ਸਕੇਗੀ। ਅਜਿਹੀ ਕਵਿਤਾ ਜਿਹੜੀ ਪਾਸ਼ ਦੀ ਆਪਣੀ ਕਵਿਤਾ ਦੇ ਬਰੋਬਰ ਖਲੋ ਸਕਣ ਦੇ ਸਮਰੱਥ ਹੋਵੇ।

ਉਂਝ ਵੇਖਿਆ ਜਾਵੇ ਤਾਂ ਮੇਰੀ ਕਵਿਤਾ ਇਕੱਲੇ ਪਾਸ਼ ਬਾਰੇ ਹੀ ਨਹੀਂ ਹੈ ਜਿਥੇ ਕਿਤੇ ਵੀ ਕੋਈ ਲੇਖਕ ਹੱਕ ਸੱਚ ਲਈ ਕਤਲ ਹੁੰਦਾ ਹੈ, ਉਸ ਦੇ ਬਾਰੇ ਵਿਚ ਹੈ। ਇਸ ਨੂੰ ਲਿਖਦੇ ਸਮੇਂ ਮੈਂ ਇੰਝ ਅਨੁਭਵ ਕੀਤਾ ਹੈ ਜਿਵੇਂ ਮੈਂ (ਸਵੈ-ਚਿਤਰ) ਸੈਲਫ–ਪੋਰਟਰੇਟ ਲਿਖ ਰਿਹਾ ਹੋਵਾਂ।

ਉਸ ਦੀ ਮੌਤ ਬਾਰੇ ਸੋਚਦਿਆਂ ਤੇ ਲਿਖਦਿਆਂ ਮੈਨੂੰ ਗੋਰਕੀ ਦੇ 'ਇਸਾਕ ਬੇਬਲ' ਨੂੰ ਕਹੇ ਸ਼ਬਦ ਚੇਤੇ ਆ ਰਹੇ ਹਨ। ਇਹ ਸ਼ਬਦ ਜਰਮਨ ਲੇਖਕ ਅਲੈਗਜ਼ੈਂਦਰ ਗੋਬ ਦੇ ਰੂਸ ਬਾਰੇ ਲਿਖੇ ਸਫਰਨਾਮੇ 'ਚਿੱਟੇ ਹੰਸਾਂ ਦਾ ਕ੍ਰਿਤ' ਚੋਂ ਲਏ ਗਏ ਹਨ।

'ਜਿਹੜੇ ਮਾਰਗ ਤੇ ਲੇਖਕ ਨੂੰ ਤੁਰਨਾ ਚਾਹੀਦਾ ਹੈ, ਉਹ ਲੰਮੇ ਕਿੱਲਾਂ ਨਾਲ ਪਰੁੱਚਿਆ ਪਿਆ ਹੈ। ਤੁਹਾਨੂੰ ਇਹਨਾਂ ਕਿੱਲਾਂ ਉੱਤੇ ਨੰਗੇ ਪੈਰੀਂ ਤੁਰਨਾ ਪੈਣਾ ਹੈ। ਬੜਾ ਲਹੂ ਵਗੇਗਾ, ਤੇ ਹਰ ਸਾਲ ਦੇ ਲੰਘਣ ਨਾਲ ਹੋਰ ਵਧੇਰੇ ਵਗੇਗਾ। ਜੇ ਤੁਸੀਂ ਨਿਰਬਲ ਹੋ, ਤੁਸੀਂ ਖਰੀਦੇ ਤੇ ਵੇਚੇ ਜਾਓਗੇ, ਰੋਕੇ ਜਾਓਗੇ ਤੇ ਤੁਰ ਪਵੋਗੇ ਅਤੇ ਅਖੀਰ ਤੇ ਤੁਹਾਡਾ ਅਸਲੀ ਰੰਗ ਪੁਰ ਜਾਵੇਗਾ।'

ਪਾਸ਼ ਆਪਣੇ ਬੋਲਾਂ ਨਾਲ ਵਫ਼ਾ ਨਿਭਾ ਗਿਆ ਹੈ ਉਹਦੇ ਬਾਰੇ ਸਾਡੀਆਂ ਕਵਿਤਾਵਾਂ ਸਿਰ ਪਏ ਕਰਜ਼ੇ ਦੀ ਅਦਾਇਗੀ ਦਾ ਉਪਰਾਲਾ ਮਾਤਰ ਹਨ।

3–5–1988

o

(2 ਸਫ਼ੇ ਦੀ ਬਾਕੀ)

o ਇਕ ਹੋਰ ਨਾਟਕ 'ਪੰਜ ਕਲਿਆਣੀ ਗਰੀਬ ਲੋਕਾਂ ਦੀ ਕਹਾਣੀ' ਗੁਲਸ਼ਨ, ਹਰਜਿੰਦਰ, ਹੌਨਰੀ, ਹਰਦੀਪ ਅਤੇ ਕ੍ਰਿਸ਼ਨ ਕਵੇਸਰ ਹੋਰਾਂ ਦੀ ਟੀਮ ਨੇ ਬੜੇ ਸਫਲ ਤ੍ਰੀਕੇ ਨਾਲ ਖੇਡਿਆ। ਇਹ ਪਾਸ਼ ਦੀ ਲਿਖੀ ਹੋਈ ਇਕ ਨਾਚ ਬੋਲੀ ਨੂੰ ਸਮਰਪਿਤ ਸੀ 'ਗਰੀਬ ਮਜਬੀ ਦਾ ਦੌਲਤ ਸ਼ਾਹ ਨਾਲ ਘੋਲ।

o ਪਾਸ਼ ਦੇ ਪ੍ਰਸਿਧ ਗੀਤ 'ਕੱਖਾਂ ਦੀਆਂ ਕੁਲੀਏ ਨੂੰ ਵੀ ਇਕ ਜ਼ੋਰਦਾਰ ਐਕਸ਼ਨ ਗੀਤ ਵਿਚ ਰੇਣੂ ਸਿੰਘ, ਕੇਵਲ ਧਾਲੀਵਾਲ, ਜਸਵੰਤ, ਨਰਿੰਦਰ ਅਤੇ ਸੁਖਦੇਵ ਨੇ ਪੇਸ਼ ਕੀਤਾ। ਗੀਤ ਦੇ ਬੋਲ ਪ੍ਰਮਜੀਤ ਸਿੰਘ ਦੀ ਸ਼ਕਤੀਸ਼ਾਲੀ ਆਵਾਜ਼ ਵਿਚ ਸਨ। ਪਵਨ ਕੁਮਾਰ ਨੇ ਢੋਲਕ ਦੀ ਤਾਲ ਤੇ ਇਸ ਐਕਸ਼ਨ ਗੀਤ ਨੂੰ ਪੂਰੀ ਗੱਤੀ ਦਿਤੀ।

o ਇਨਕਲਾਬੀ ਆਗੂਆਂ ਡਾਕਟਰ ਦਰਸ਼ਨਪਾਲ, ਮੁਖਤਿਆਰ ਪੂਹਲਾ, ਦਰਸ਼ਨ ਖਟਕੜ, ਜਸਪਾਲ ਜੱਸੀ, ਗੁਰਮੀਤ ਸਿੰਘ, ਰੰਜੀਤ ਸਿੰਘ, ਸਵਰਨ ਸਿੰਘ, ਬਲਵੰਤ ਮਖੂ ਅਤੇ ਡਾਕਟਰ ਤੇਜਵੰਤ ਮਾਨ (ਕੇਂਦਰੀ ਲਿਖਾਰੀ ਸਭਾ-ਸੇਖੋਂ) ਅਤੇ ਰਜਿੰਦਰ ਰਾਹੀ (ਕ੍ਰਾਂਤੀਕਾਰੀ ਸਹਿਤ ਸਭਾ) ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਂਦੇ ਹੋਏ ਪੰਜਾਬ ਮਸਲੇ ਬਾਰੇ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਥੋੜੇ ਥੋੜੇ ਵਖਰੇਵੇਂ ਹੁੰਦੇ ਹੋਏ ਵੀ ਇਹ ਸਪਸ਼ਟ ਸੀ ਕਿ ਜੇਕਰ ਸੰਜੀਦਗੀ ਅਤੇ ਸੁਹਿਰਦਤਾ ਨਾਲ ਯਤਨ ਕੀਤਾ ਜਾਏ ਤਾਂ ਇਨਕਲਾਬੀ ਧਿਰਾਂ ਦੀ ਇਕ ਘੱਟ ਤੋਂ ਘੱਟ ਪ੍ਰੋਗਰਾਮ ਦੇ ਦੁਆਲੇ ਲਾਮਬੰਦੀ ਹੋ ਸਕਦੀ ਹੈ। ਇਸਤਰ੍ਹਾਂ ਇਨਕਲਾਬੀ ਧਿਰ ਅਸਰਦਾਇਕ ਤਰੀਕੇ ਨਾਲ ਪੰਜਾਬ ਦੇ ਮਸਲੇ ਵਿਚ ਦਖਲ ਅੰਦਾਜ਼ੀ ਕਰ ਸਕਦੀ ਹੈ।

o ਸਾਥੀ ਨਰਭਿੰਦਰ ਸਿੰਘ ਨੇ ਇਸ 9 ਘੰਟੇ ਦੇ ਲੰਮੇ ਸਮਾਗਮ ਨੂੰ, ਬੜੀ ਸਫਲਤਾ ਨਾਲ ਤਰਤੀਬ ਵਾਰ ਸਟੇਜ ਤੋਂ ਪੇਸ਼ ਕਰਵਾਇਆ। ਉਹਨੇ ਤੇ ਉਹਦੇ ਸਾਥੀਆਂ ਨੇ ਪ੍ਰਬੰਧ ਵਿਚ ਵੀ ਪੂਰੀ ਤਰ੍ਹਾਂ ਮੇਹਨਤ ਕੀਤੀ।

o ਸਮਾਗਮ ਦੀ ਸਿਕੂਰਟੀ ਦੀ ਸਾਰੀ ਜ਼ਿਮੇਵਾਰੀ ਸੀ. ਪੀ. ਆਈ. (ਐਮ. ਐਲ.) ਪੂਲਾਰੈਡੀ ਦੇ ਸਾਥੀਆਂ ਨੇ ਨਿਭਾਈ।

ਇਹ ਸਮਾਗਮ ਆਪਣੇ ਆਪ ਵਿਚ ਇਕ ਬਹੁਤ ਵੱਡੀ ਸਫਲਤਾ ਸੀ। ਇਹ ਇਸ ਸੰਭਾਵਨਾ ਨੂੰ ਉਜਾਗਰ ਕਰਦੀ ਹੈ ਕਿ ਇਨਕਲਾਬੀ ਧਿਰ ਮਿਲਕੇ ਇਕ ਵੱਡੀ ਤਾਕਤ ਬਣਨ ਦੇ ਯੋਗ ਹੈ ਅਤੇ ਲੋਕਾਂ ਨੂੰ ਸਹੀ ਸ਼ਬਦਾਂ ਵਿਚ ਇਕ ਮੁਕਤੀ ਦਾ ਰਾਹ ਦਸ ਸਕਦੀ ਹੈ/ਗੁਰਸ਼ਰਨ ਸਿੰਘ